# ਤੱਤਕਰਾ


**ਸੰਪਾਦਕੀ**

ਸੁਰਜੀਤ ਪਾਤਰ ਨੂੰ ਯਾਦ ਕਰਦਿਆਂ–ਪ੍ਰੋ. ਸਤਵਿੰਦਰ ਬੇਗੋਵਾਲੀਆ

**ਕਾਵਿ ਸੰਸਾਰ**

ਜਲਾਵਤਨ– ਪ੍ਰੋ ਕੁਲਵੰਤ ਸਿੰਘ ਔਜਲਾ

ਇਉਂ ਵੀ ਹੋ ਸਕਦੈ– ਧਰਮ ਚੰਦ ਵਾਤਿਸ਼ (ਡਾ.)

ਕਦੇ ਕਦੇ ਸੁਪਨੇ ਵਿੱਚ – ਡਾ. ਸਰਦੂਲ ਸਿੰਘ ਔਜਲਾ

ਦਿਲ ਕਰਦੈ ਕਿ ਭਸ਼ ਚੰਗਿਆੜੀ– ਸੁਖਦੇਵ ਸਿੱਧੂ

ਕੁਦਰਤ ਦੇ ਵਣਜਾਰੇ– ਹਰਭਜਨ ਸਿੰਘ ਖੇਮਕਰਨੀ

**ਗਜ਼ਲ ਸੱਥ**

ਗੁਰਭਜਨ ਗਿੱਲ, ਪ੍ਰੋ. ਜਸਵੰਤ ਸਿੰਘ ਕੈਲਵੀ, ਪ੍ਰਤਾਪ ਪਾਰਸ ਗੁਰਦਾਸਪੁਰੀ, ਸੁਰਜੀਤ ਦੇਵਲ

**ਗੀਤਾਂ ਦੀ ਗੂੰਜ**

ਮੇਰੇ ਪਿਓ ਦਾਦੇ – ਪ੍ਰੋ. ਕੁਲਵੰਤ ਸਿੰਘ ਔਜਲਾ

ਅਜੇ ਮੈਂ ਗੀਤ ਲਿਖਣਾ ਹੈ – ਜਗਜੀਤ ਸਿੰਘ ਗੁਰਮ

ਹਸਦਿਆਂ ਯਾਰ ਛੱਡੀਏ – ਸੁਰਜੀਤ ਦੇਵਲ

**ਨਿਬੰਧ**

ਬ੍ਰਿਹਾ ਦਾ ਕਵੀ ਸ਼ਿਵ ਬਟਾਲਵੀ – ਰਜਿੰਦਰ ਵਰਮਾ

ਕਹਿਣੀ ਤੇ ਕਰਨੀ – ਨਿਰਮਲ ਸਿੰਘ ਲਾਲੀ

**ਕਹਾਣੀਆਂ**

ਪੈੜਾਂ– ਪ੍ਰਤਾਪ ਪਾਰਸ ਗੁਰਦਾਸਪੁਰੀ

ਥੰਮ੍ਹੀਆਂ – ਤਰਸੇਮ ਭੰਗੂ

**ਨਾਟਕ**

ਇਕਾਂਗੀ 'ਚੋਰ'–ਸਤਵਿੰਦਰ ਬੇਗੋਵਾਲੀਆ

**ਸਮੀਖਿਆ**

ਅਸੀਂ ਬੰਦੂਕਾਂ ਨਹੀਂ ਬੀਜਦੇ (ਨਾਵਲ) – ਸੁਖਮਿੰਦਰ ਸਿੰਘ ਸੇਖੋਂ ਦੇ ਨਾਵਲ ਦੀ – ਸਤਿੰਦਰ ਨੰਦਾ ਦੀ ਸਮੀਖਿਆ

ਸੁਖਦੇਵ ਸਿੰਘ ਗੰਢਵਾਂ ਰਚਿਤ ਪੁਸਤਕ 'ਲੋਕ ਹਿੱਤਾਂ ਦੇ ਸੰਗ' – ਡਾ. ਜਗੀਰ ਸਿੰਘ

ਸਤਵਿੰਦਰ ਬੇਗੋਵਾਲੀਆ ਦਾ ਪਰਵਾਸ ਨਾਲ ਜੁੜੇ ਸਰੋਕਾਰਾਂ ਦਾ ਬਹੁਪਰਤੀ ਨਾਟਕ 'ਆਰ ਕਿ ਪਾਰ' – ਡਾ. ਸਰਦੂਲ ਸਿੰਘ ਔਜਲਾ






# ਸੁਰਜੀਤ ਪਾਤਰ ਨੂੰ ਯਾਦ ਕਰਦਿਆਂ

ਸੁਰਜੀਤ ਪਾਤਰ ਲਗਭਗ 80 ਸਾਲ ਦੀ ਉਮਰ ਹੰਢਾ ਕੇ ਵਿਛੜ ਗਿਆ। ਵੱਡੀ ਗਿਣਤੀ ਵਿੱਚ ਸ਼ਾਇਰਾਂ/ਲੇਖਕਾਂ ਨੇ ਉਦਾਸ ਸੁਰ ਵਿੱਚ ਸ਼ਰਧਾਂਜਲੀਆਂ ਦਿੱਤੀਆਂ। ਕਿੰਨੇ ਹੀ ਲੇਖਕਾਂ ਨੇ ਪਾਤਰ ਨੂੰ ਅਜੋਕੇ ਸਮਿਆਂ ਦਾ ਮਹਾਨਤਮ ਸ਼ਾਇਰ ਕਿਹਾ। ਹਰ ਸਾਹਿਤਕ ਪ੍ਰੋਗਰਾਮ ਵਿੱਚ ਪਾਤਰ ਦੀ ਹਾਜ਼ਰੀ ਪ੍ਰੋਗਰਾਮ ਨੂੰ ਆਮ ਤੋਂ ਵਿਸ਼ੇਸ਼ ਦਾ ਦਰਜਾ ਬਖਸ਼ਦੀ। ਪਾਤਰ ਬੜੇ ਹੀ ਠਰੰਮੇ ਵਾਲਾ ਇਨਸਾਨ ਸੀ, ਜੋ ਪ੍ਰਧਾਨਗੀ ਮੰਡਲ ਵਿੱਚ ਬਿਰਾਜਮਾਨ ਸ਼ਾਂਤ ਚਿੱਤ ਜਾਪਦਾ, ਚਿਹਰੇ 'ਤੇ ਤਿਊੜੀ ਨਜ਼ਰ ਨਾ ਆਉਂਦੀ। ਲਗਪਗ ਸਾਰੇ ਬੁਲਾਰੇ ਪਾਤਰ ਦਾ ਜ਼ਿਕਰ ਨਵੇਂ ਨਰੋਏ ਉਚ ਪੱਧਰੀ ਵਿਸ਼ੇਸ਼ਣਾਂ ਜ਼ਰੀਏ ਕਰਦੇ। ਪਾਤਰ ਹਲਕਾ ਜਿਹਾ ਮੁਸਕਰਾ ਛੱਡਦਾ। ਪ੍ਰੋਗਰਾਮ ਦੇ ਅਖੀਰ ਵਿੱਚ ਪਾਤਰ ਜਦ ਦਰਸ਼ਕਾਂ ਦੇ ਰੂ-ਬ-ਰੂ ਹੁੰਦਾ ਤਾਂ ਮਾਹੌਲ ਹੀ ਬਦਲ ਜਾਂਦਾ। ਦਰਸ਼ਕਾਂ ਵੱਲੋਂ ਜਦ ਇਹ ਗੁਜ਼ਾਰਿਸ਼ ਹੁੰਦੀ ਕਿ ਗਾਇਣ ਹੋ ਜਾਵੇ ਤਾਂ ਪਾਤਰ ਦੀ ਚਾਹਤ ਵੀ ਪੂਰੀ ਹੋ ਜਾਂਦੀ ਅਤੇ ਦਰਸ਼ਕਾਂ ਦੇ ਮਨ ਦੀ ਤ੍ਰਿਪਤੀ ਵੀ। ਹਾਜ਼ਰੀਨ ਵਿੱਚ ਵਾਦ ਵਿਵਾਦ ਹੋ ਜਾਂਦਾ ਤਾਂ ਪਾਤਰ ਆਪਣੇ ਲੰਮੇ ਅਨੁਭਵ ਸਦਕਾ ਵਾਦ-ਵਿਵਾਦ ਦੀ ਤਾਣੀ ਨੂੰ ਇੰਜ ਸੁਲਝਾ ਦਿੰਦਾ ਸੀ ਕਿ ਨਾ ਕੋਈ ਧਿਰ ਜਿੱਤਦੀ ਸੀ ਅਤੇ ਨਾ ਕੋਈ ਧਿਰ ਹਾਰਦੀ ਸੀ। ਕਿਉਂ ਕਿ ਪਾਤਰ ਇਕ ਇਮਾਨਦਾਰ ਲੇਖਕ ਸੀ। ਇਹ ਸਿਹਰਾ ਪਾਤਰ ਸਿਰ ਹੀ ਬੱਝਦਾ ਹੈ ਕਿ ਲੇਖਕਾਂ, ਲੀਡਰਾਂ ਅਤੇ ਆਮ ਲੋਕਾਂ ਨੇ ਆਪਣੀ ਗੱਲ/ਭਾਸ਼ਣ ਵਿੱਚ ਪਾਤਰ ਦੀ ਕਵਿਤਾ ਨੂੰ ਹਵਾਲੇ ਵਜੋਂ ਵਰਤਿਆ।



**ਮੈਂ ਰਾਹਾਂ 'ਤੇ ਨਹੀਂ ਤੁਰਦਾ,**
**ਮੈਂ ਤੁਰਾਂ ਤਾਂ ਰਾਹ ਬਣਦੇ।**
**ਯੁੱਗਾਂ ਤੋਂ ਕਾਫ਼ਲੇ ਆਉਂਦੇ,**
**ਇਸੇ ਸੱਚ ਦਾ ਗਵਾਹ ਬਣਦੇ।**

**ਦੂਰ ਜੇਕਰ ਅਜੇ ਹਨ੍ਹੇਰਾ ਹੈ,**
**ਇਸ 'ਚ ਕਾਫ਼ੀ ਕਸੂਰ ਮੇਰਾ ਹੈ।**

ਕੁਝ ਆਲੋਚਕਾਂ ਨੂੰ ਇਤਰਾਜ਼ ਹੈ ਕਿ

ਪਾਤਰ ਰੁਦਨ ਦਾ ਲੇਖਕ ਹੈ। ਉਹ ਦੁਖੜੇ ਫੋਲਕੇ ਅਤੇ ਗਾਇਕੀ ਦਾ ਇਸਤੇਮਾਲ ਕਰਕੇ ਦਰਸ਼ਕਾਂ ਨੂੰ ਆਪਣੇ ਵਿੱਚ ਖਿੱਚਦਾ ਰਿਹਾ ਹੈ। ਉਸ ਦੀ ਕਵਿਤਾ ਸਮੁੱਚੇ ਪੰਜਾਬ ਦਾ ਦਰਦ ਬਿਆਨ ਨਹੀਂ ਕਰਦੀ। ਉਸਦੇ ਗੀਤ ਸੰਤ ਰਾਮ ਉਦਾਸੀ ਦੇ ਗੀਤਾਂ ਵਾਂਗ ਦੱਬੇ ਕੁਚਲੇ ਲੋਕਾਂ ਦੀ ਗੱਲ ਨਹੀਂ ਕਰਦੇ। ਪਰ ਹਰ ਕਵੀ ਦੀ ਵਿਲੱਖਣ ਸ਼ੈਲੀ ਹੁੰਦੀ ਹੈ। ਪਾਤਰ ਨਿੱਜ ਦੀ ਗੱਲ ਕਰਦਾ ਕਰਦਾ ਆਲੇ-ਦੁਆਲੇ, ਮਾਹੌਲ ਦੀ ਗੱਲ ਚਿੰਨ੍ਹਾਂ ਅਤੇ ਬਿੰਬਾਂ ਜ਼ਰੀਏ ਬਾਖੂਬੀ ਕਾਵਿ ਸਿਰਜਦਾ ਰਿਹਾ ਹੈ।

ਇੱਕ ਗੱਲ ਪਾਤਰ ਦੇ ਹੱਕ ਵਿੱਚ ਜਾਂਦੀ ਹੈ- ਢੁਕਵਾਂ ਪਲੇਟਫਾਰਮ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਅਸਿਸਟੈਂਟ ਪ੍ਰੋਫੈਸਰ ਸੀ, ਜਦ ਉਹ ਅਣਵਿਆਹਿਆ ਸੀ। ਗ੍ਰਹਿਸਤ ਦਾ ਗੱਡਾ ਖਿੱਚਣ ਦੀ ਜ਼ਿੰਮੇਵਾਰੀ ਨਹੀਂ ਸੀ। ਕਿਰਾਏ ਤੇ ਲਏ ਚੁਬਾਰੇ ਵਿੱਚ ਗੀਤਕਾਰ, ਗਾਇਕ, ਕਵੀ ਅਤੇ ਹੋਰ ਲੇਖਕ ਪਾਤਰ ਨੂੰ ਮਿਲਣ ਆਉਂਦੇ ਰਹੇ। ਸਾਹਿਤਕ ਮੇਲਾ ਲੱਗਾ ਹੁੰਦਾ। ਸਰੋਤਿਆਂ/ਦਰਸ਼ਕਾਂ ਵੱਲੋਂ ਪਾਤਰ ਦੀ ਕਵਿਤਾ ਨੂੰ ਭਰਪੂਰ ਹੁੰਗਾਰਾ ਮਿਲਦਾ ਰਿਹਾ ਤਾਂ ਕਲਮ ਕਿਵੇਂ ਰੁੱਕੇਗੀ। ਪਾਸ਼ ਅਤੇ ਸ਼ਮਸ਼ੇਰ ਸੰਧੂ ਵੀ ਪਾਤਰ ਨੂੰ ਚੁਬਾਰੇ ਵਿੱਚ ਆ ਕੇ ਮਿਲਦੇ ਰਹੇ। ਇੰਜ ਪਾਤਰ ਦੀ ਚੜ੍ਹਤ ਚਰਮ ਸੀਮਾ ਤੱਕ ਅਪੜ ਗਈ। ਕਵਿਤਾ ਤੋਂ ਬਿਨਾਂ ਗੀਤ ਅਤੇ ਗ਼ਜ਼ਲਾਂ ਵੀ ਲਿਖੀਆਂ ਜੋ ਬਾਕਮਾਲ ਹਨ। ਪਲੇਟਫਾਰਮ ਵਿਹੂਣੇ ਕਈ ਲੇਖਕ ਅਲੋਪ ਹੋ ਗਏ ਜਿਨ੍ਹਾਂ ਦੀਆਂ ਮੁੱਲਵਾਨ ਰਚਨਾਵਾਂ ਨੂੰ ਪੜ੍ਹਿਆ ਹੀ ਨਹੀਂ ਗਿਆ, **ਜੋ ਪਰਿਵਾਰਾਂ 'ਚ ਫਸੇ ਦੂਰ-ਦੁਰੇਡੇ ਪਿੰਡਾਂ ਜਾਂ ਕਸਬਿਆਂ ਵਿੱਚੋਂ ਬਾਹਰ ਨਹੀਂ ਨਿਕਲ ਸਕੇ। ਅਜਿਹੇ ਲੇਖਕਾਂ ਵਿੱਚੋਂ ਕਈ ਸ਼੍ਰੋਮਣੀ ਪੁਰਸਕਾਰਾਂ ਦੇ ਹੱਕਦਾਰ ਸਨ।**

ਪਾਤਰ ਆਸ਼ਾਵਾਦੀ ਲੇਖਕ ਸੀ ਜੋ ਪ੍ਰਤੀਕੂਲ ਸਥਿਤੀਆਂ ਵਿੱਚ ਵੀ ਆਸ ਦਾ ਪੱਲਾ ਨਹੀਂ ਸੀ ਛੱਡਦਾ।

ਜੇ ਆਈ ਪਤਝੜ ਤਾਂ ਫੇਰ ਕੀ ਏ,
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਉਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

**-ਸਤਵਿੰਦਰ ਬੇਗੋਵਾਲੀਆ**

◆◆◆



# ਕਾਵਿ ਸੰਸਾਰ

## ਜਲਾਵਤਨ ਮੌਸੀਕੀਆ

**ਪ੍ਰੋ. ਕੁਲਵੰਤ ਔਜਲਾ**



ਦਿਲ ਨੂੰ ਹੀ ਦਿਲ ਵਾਲਾ ਹਾਲ ਦੱਸ ਲਈਦਾ
ਲੋਕਾਂ ਸਾਂਹਵੇ ਝੂਠਾ ਮੂਠਾ ਹਾਸਾ ਹੱਸ ਲਈਦਾ

ਦਿਲ ਵਿਚ ਸ਼ੋਰ ਪਾਉਣ ਬਾਤਨ ਬਾਰੀਕੀਆਂ
ਦਿਲ ਦੀ ਖ਼ੁਰਾਕ ਜਲਾਵਤਨ ਮੌਸੀਕੀਆਂ
ਮੋਹ ਦੀਆਂ ਫਾਹੀਆਂ ਵਿੱਚ ਖ਼ੁਦ ਫੱਸ ਲਈਦਾ
ਦਿਲ ਨੂੰ ਹੀ ਦਿਲ ਵਾਲਾ ਹਾਲ ਦੱਸ ਲਈਦਾ
ਹੁਣ ਕੋਈ ਪਹਿਲੜਾ ਪਿਆਰ ਨਹੀਂ ਕਰਦਾ
ਪਹਿਲਾਂ ਵਾਂਗੂੰ ਦਿਲ ਨੂੰ ਖੁਆਰ ਨਹੀਂ ਕਰਦਾ
ਖ਼ੁਦ ਨੂੰ ਹੀ ਕਦੇ ਕਦੇ ਖ਼ੁਦ ਡੱਸ ਲਈਦਾ
ਦਿਲ ਨੂੰ ਹੀਂ ਦਿਲ ਵਾਲਾ ਹਾਲ ਦੱਸ ਲਈਦਾ
ਐਵੇਂ ਐਵੇਂ ਤੜਪਣਾ ਤੇ ਐਵੇਂ ਐਵੇਂ ਧੜਕਣਾ
ਐਵੇਂ ਐਵੇਂ ਪੰਘਰਨਾ ਤੇ ਐਵੇਂ ਐਵੇਂ ਭਟਕਣਾ
ਬਦਨਾਂ ਦੇ ਨਾਲ ਬਸ ਬਦਨ ਕੱਸ ਲਈਦਾ
ਦਿਲ ਨੂੰ ਹੀ ਦਿਲ ਵਾਲਾ ਹਾਲ ਦੱਸ ਲਈਦਾ
ਝਲਕ ਮਾਸੂਮ ਜੇਹੇ ਇਸ਼ਾਰੇ ਨਹੀਂ ਮਿਲਦੇ
ਪਾਕ ਜੇਹੇ ਮੋਹ ਦੇ ਪੁੰਗਾਰੇ ਨਹੀਂ ਮਿਲਦੇ
ਆਪਣੀਆਂ ਅੱਖਾਂ ਵਿੱਚ ਆਪੇ ਵੱਸ ਲਈਦਾ
ਦਿਲ ਨੂੰ ਹੀ ਦਿਲ ਵਾਲਾ ਹਾਲ ਦੱਸ ਲਈਦਾ
ਕਿਣਮਿਣ ਕਿਣਮਿਣ ਕੋਈ ਨਹੀਂ ਬਰਸਦਾ
ਨਜ਼ਰ-ਏ-ਦੀਦਾਰ ਦੇ ਲਈ ਕੋਈ ਨਹੀਂ ਤਰਸਦਾ
ਚੇਤੇ ਦੀ ਜ਼ਮੀਨ ਵਿੱਚ ਡੂੰਘਾ ਧੱਸ ਲਈਦਾ
ਦਿਲ ਨੂੰ ਹੀ ਦਿਲ ਵਾਲਾ ਹਾਲ ਦੱਸ ਲਈਦਾ
ਫੱਕਰਾਂ, ਫ਼ਕੀਰਾਂ, ਦਰਵੇਸ਼ਾਂ ਦਾ ਲਿਹਾਜ ਨਹੀਂ
ਅੱਜ ਕੱਲ੍ਹ ਰੂਹਾਂ ਦੇ ਰਿਆਜ਼ ਦਾ ਰਿਵਾਜ ਨਹੀਂ

ਮਨ ਮੱਥਾ ਫਿਕਰਾਂ ਦੇ ਨਾਲ ਝੱਸ ਲਈਦਾ
ਦਿਲ ਨੂੰ ਹੀ ਦਿਲ ਵਾਲਾ ਹਾਲ ਦੱਸ ਲਈਦਾ
ਮਿੱਠੇ ਮਿੱਠੇ ਪਾਣੀਆਂ ਦੇ ਖ਼ੂਹ ਨਹੀਂ ਗਿੜਦੇ
ਮਨਾਂ ਵਿੱਚ ਮਹਿਕਦੇ ਗੁਲਾਬ ਖ਼ਾਬ ਨਹੀਂ ਖਿੜਦੇ
ਨਿਹੁੰ ਆਵੇ ਨੇੜੇ ਵਾਹੋ ਦਾਹੀ ਨੱਸ ਲਈਦਾ
ਦਿਲ ਨੂੰ ਹੀ ਦਿਲ ਵਾਲਾ ਹੱਲ ਦੱਸ ਲਈਦਾ

**97, ਮਾਡਲ ਟਾਊਨ ਕਪੂਰਥਲਾ**
**ਮੋ. 84377-88856**

◆◆◆

## ਕਵਿਤਾ : ਇਉਂ ਵੀ ਹੋ ਸਕਦੈ?

*- ਧਰਮ ਚੰਤ ਵਾਤਿਸ਼ (ਡਾ.)*

**ਬੋਤਲ ਦਾ ਡਾਟ**
ਤੋੜਕੇ ਹੀ ਨਹੀਂ
ਮੂੰਗਫਲੀ ਦੀ ਗੱਠੀ
ਭੰਨਦਿਆਂ ਵੀ
ਹੋ ਕਦੀ ਹੈ
ਦਿਲੀ ਸਾਂਝ ਦੀ ਗੱਲ।

ਅੱਖਾਂ ਨੂੰ ਜੀਭ
ਕੰਨਾਂ ਨੂੰ ਅੱਖਾਂ
ਸ਼ਬਦਾਂ ਨੂੰ ਮਹਿਕ
ਲਾ ਕੇ ਵੀ
ਰੱਖੀ ਜਾ ਸਕਦੀ ਹੈ
ਪ੍ਰਗਟਾਵੇ ਦੀ ਗੁਪਤਤਾ।
ਡਾਂਗ ਤੋਂ ਬਗੈਰ
ਬਿਨ ਗਾਲ਼ੀ ਗਲੋਚ
ਟੁੱਟ ਸਕਤੀ ਹੈ
ਵਿਰੋਧੀ ਦੀ ਆਕੜ
ਕੇਵਲ ਉਸ ਨੂੰ
ਅਣਗੌਲਿਆਂ ਕਰਕੇ।



ਚਾਪਲੂਸ ਦੀ ਸੁਣੋ
ਪੂਰੇ ਧਿਆਣ ਨਾਲ,
ਬਾਅਦ ਵਿੱਚ
ਏਨਾ ਹੀ ਕਹਿਣਾ
ਰਹੇਗਾ ਕਾਫ਼ੀ
ਹੋਰ ਸੁਣਾ, ਕੀ ਹਾਲ ਹੈ?
ਕਿੱਥੇ ਰਹਿਣਾ ਏਂ?
ਕਰਦਾ ਕੀ ਹੁੰਨੈ?
ਰਾਜ਼ੀ-ਖੁਸ਼ੀ ਹੈ
ਪਰਿਵਾਰ?

**496, ਅਜੀਤ ਨਗਰ**
**ਨਜ਼ਦੀਕ ਗਰੇਵਾਲ ਚੌਂਕ, ਮਾਲੇਰਕੋਟਲਾ**
**ਮੋ. 98144-46007**

◆◆◆

## ਕਦੀ ਕਦੀ ਸੁਪਨੇ ਵਿੱਚ

*ਡਾ. ਸਰਦੂਲ ਔਜਲਾ*

ਕਦੇ ਕਦੇ ਸੁਪਨੇ ਵਿਚੱ
ਆਉਂਦੀ ਏ ਮਾਂ
ਅੱਖਾਂ ਵਿੱਚ
ਸੁਪਨੇ ਲਟਕਾਈ
ਮਮਤਾ ਦੀ ਲੈ ਕੇ ਨਿੱਘੀ ਛਾਂ
ਕੋਈ ਮਿੱਠੀ ਲੋਰੀ ਸੁਣਾਉਂਦੀ ਏ ਮਾਂ
ਕਦੀ-ਕਦੀ ਸੁਪਨੇ ਵਿੱਚ ਆਉਂਦੀ ਏ ਮਾਂ

ਸਿਰ ਪਲੋਸਦੀ ਅਸੀਸਾਂ ਦਿੰਦੀ
ਨਸੀਹਤਾਂ ਕਰਦੀ, ਝੋਲੀਆਂ ਭਰਦੀ
ਮੇਰੇ ਅਤੀਤ ਦੀਆਂ ਯਾਦਾਂ ਜਗਾਉਂਦੀ ਏ ਮਾਂ
ਕਦੀ-ਕਦੀ ਸੁਪਨੇ ਵਿੱਚ ਆਉਂਦੀ ਏ ਮਾਂ
ਮੇਰੀਆਂ ਕਿਤਾਬਾਂ ਨੂੰ ਸਾਂਭ-ਸਾਂਭ ਰੱਖਦੀ
ਮੇਰੇ ਜਿੱਤੇ ਇਨਾਮਾਂ ਤੋਂ ਮਿੱਟੀ ਘੱਟਾ ਪੂੰਝਦੀ

ਅੰਦਰੇ-ਅੰਦਰ ਹੁਬਦੀ ਖ਼ੁਸ਼ੀ ਲੁਕਾਉਂਦੀ ਏ ਮਾਂ
ਕਦੀ-ਕਦੀ ਸੁਪਨੇ ਵਿੱਚ ਆਉਂਦੀ ਏ ਮਾਂ
ਜ਼ਮਾਨੇ ਦੀ ਆਬੋ-ਹਵਾ ਦਾ ਜ਼ਿਕਰ ਕਰਦੀ
ਚਕਾਚੌਂਧ ਵਿੱਚ ਸਾਡੇ ਗੁਆਚਣ ਦਾ ਫ਼ਿਕਰ ਕਰਦੀ
ਚੁੱਲ੍ਹਾ ਚੌਂਕਾ ਸਵਾਰਦੀ ਸਜਾਉਂਦੀ ਏ ਮਾਂ
ਕਦੀ-ਕਦੀ ਸੁਪਨੇ ਵਿੱਚ ਆਉਂਦੀ ਏ ਮਾਂ
ਮੇਰੇ ਵਾਲਾਂ ਕੰਘੀ ਕਰਦੀ
ਮੀਢੀਆਂ ਕਰਕੇ ਕੇਸਾਂ ਨੂੰ ਸਾਂਭਦੀ
ਜੂੜੇ 'ਤੇ ਸੋਹਣੇ ਰੁਮਾਲ ਦਾ ਫੁੱਲ ਬਣਾਉਂਦੀ ਏ ਮਾਂ
ਕਦੀ-ਕਦੀ ਸੁਪਨੇ ਵਿੱਚ ਆਉਂਦੀ ਏ ਮਾਂ
ਆਪਣੇ ਚਿਹਰੇ ਦੀਆਂ ਝੁਰੜੀਆਂ ਵਿੱਚ
ਅਰਬਾਂ-ਖਰਬਾਂ ਮੂਰਤਾਂ ਦਾ ਭੂਗੋਲ ਸਮੋ ਕੇ
ਮੇਰੀਆਂ ਅੱਖਾਂ ਵਿੱਚ ਆਏ ਹੰਝੂਆਂ ਨੂੰ ਚੁਰਾਉਂਦੀ ਏ ਮਾਂ
ਕਦੀ-ਕਦੀ ਸੁਪਨੇ ਵਿੱਚ ਆਉਂਦੀ ਏ ਮਾਂ।

**ਪਿੰਡ ਤੇ ਡਾ. ਸੰਗੋਜਲਾ, ਕਪੂਰਥਲਾ**-144804
**ਮੋ.** 98141-68611

◆◆◆

## ਦਿਲ ਕਰਦੈ ਕਿ ਭਖ਼ ਚੰਗਿਆੜੀ

**ਸੁਖਦੇਵ ਸਿੱਧੂ**

ਦਿਲ ਕਰਦੈ ਕਿ ਭਖ਼ ਚੰਗਿਆੜੀ, ਮੁੜ ਲੋਕਾਂ ਵਿੱਚ ਆਵਾਂ।
ਜਿਹੜਾ ਸਮਾਂ ਫ਼ਜ਼ੂਲ ਗਵਾਇਆ, ਉਸ ਨੂੰ ਮੋੜ ਲਿਆਵਾਂ।
ਹੱਥ ਤੇ ਪੈਰ ਅਗਾਂਹ ਵਧਾਵਾਂ ਫੜ ਫੜ ਸੂਹੀਆਂ ਕਿਰਨਾਂ,
ਉਨ੍ਹਾਂ ਲਈ ਮੈਂ ਬਣਾਂ ਹਿਫ਼ਾਜਤ, ਵਿਲਕ ਰਹੀਆਂ ਜੋ ਮਾਵਾਂ।
ਏਧਰ ਓਧਰ, ਓਧਰ ਏਧਰ ਦੌੜ ਦੌੜ ਕੇ, ਹੱਥੀਂ ਬੂਟੇ ਗੱਡਾਂ,
ਪੁਰਖਿਆਂ ਨੇ ਜੋ ਐ ਸਿਰਜੇ ਸੁਪਨੇ, ਗਹਿਰ ਡੂੰਘਾਈ ਜਾਵਾਂ।
ਅਹਿ ਕਰ ਸਕਦਾਂ ਅਹੁ ਕਰ ਸਕਦਾਂ, ਸਭ ਕੁਝ ਕਰ ਸਕਦਾਂ,
ਸਮਾਂ ਮਿਲੇ ਭਾਵੇਂ ਹੋਵੇ ਉਧਾਰਾ, ਲਿਖ ਉਕਰਾਂ ਸਿਰਨਾਵਾਂ।
ਚੁੱਪ ਜੇ ਡੂੰਘੀ ਰਹਿ ਗਈ ਪਸਰੀ ਤੇ ਜੇ ਨਾ ਕੋਈ ਬੋਲ ਉਠੇ,
ਟਾਹਣੇ ਪੱਤੇ ਲੈ ਉਡਣਗੀਆਂ, ਜੋ ਚਲਦੀਆਂ ਤੱਤ ਹਵਾਵਾਂ।
ਸੰਗਲਾਂ ਘੇਰੇ ਕੈਦੀ ਹੈ ਬੰਦਾ ਤੇ ਗੁਲਾਮੀ ਦੀ ਸੰਗ ਤੋਰ ਰਹੀ,



ਸਰਵਰ ਵਾਲੇ ਪੰਛੀ ਉਡ ਗਏ, ਹੁਣ ਕਿੱਦਾਂ ਮਨ ਪਰਚਾਵਾਂ।
ਪਿੰਡ ਪਿੰਡ ਮਟੀਆਂ, ਜਪ-ਤਪ ਜੋਤਾਂ, ਨੁੱਕਰੇ, ਬੰਨੇ ਸਜੀਆਂ ਨੇ,
ਪਰ ਆਪਣੇ ਮੱਥੇ ਨੂੰ ਕਾਹਤੋਂ ਸੱਜਣਾ ਮੈਂ ਇੱਟਾਂ ਵਿੱਚ ਘਸਾਵਾਂ।
ਗਿਆਨ, ਰਵੀ, ਅਵਤਾਰ, ਦੀਪਕ, ਗਗਨ ਆਵਾਜ਼ਾਂ ਆਈਆਂ,
ਜਨਮ-ਭੋਇੰ ਨੂੰ ਸਿਜਦਾ ਵੀ ਕਰਲਾਂ, ਨਾਲੇ ਧੂੜ ਮੱਥੇ ਤੇ ਲਾਵਾਂ।

**ਪਿੰਡ ਤੇ ਡਾ. ਸਿਧਵਾਂ ਦੋਨਾ**
**ਜ਼ਿਲ੍ਹਾ- ਕਪੂਰਥਲਾ** -144625
**ਮੋ.** 98886-33481

◆◆◆

## ਕਵਿਤਾ : ਕੁਦਰਤ ਦੇ ਵਰਤਾਰੇ

**ਹਰਭਜਨ ਸਿੰਘ ਖੇਮਕਰਨੀ**

ਸੂਰਜ ਨੂੰ
ਸ਼ਾਮ ਸਵੇਰੇ, ਮੂੰਹ ਚਿੜਾਵੇ
ਪਏ ਦੁਪਹਿਰੇ, ਆ ਕੇ ਪੈਰੀਂ
ਪਰਛਾਵਾਂ ਕੈਸੀ ਜੂਨ ਹੰਡਾਵੇ।
ਚੜ੍ਹਦਾ ਸੂਰਜ, ਵੰਡੇ ਲਾਲ਼ੀ
ਡੁੱਬਦਾ ਸੂਰਜ, ਵੰਡੇ ਲਾਲ਼ੀ
ਸਿਰ ਤੇ ਸੂਰਜ, ਖਾਵੇ ਗਾਲੀ
ਚੱਲੀ ਜਾਂਦਾ ਉਹ ਚਾਲ ਨਿਰਾਲੀ।
ਏਕਮ ਦਾ ਚੰਦ, ਅਸੀਸਾਂ ਦਿੰਦਾ
ਪੁੰਨਿਆਂ ਦਾ ਚੰਨ, ਇਸ਼ਕ ਨਚਾਉਂਦਾ
ਵਿਚਲੇ ਦਿਨਾਂ ਦੇ ਵਧਦੇ ਘਟਦੇ
ਚੰਨ ਦੀ ਸਾਰ ਕੋਈ ਨਾ ਲੈਂਦਾ।
ਕਦੇ ਨਾ ਰੁਕਦਾ, ਸਮੇਂ ਦਾ ਪਹੀਆ
ਫਿਰ ਵੀ ਦੁਨੀਆ ਨੂੰ ਲਗਦਾ,
ਖ਼ੁਸ਼ੀ 'ਚ ਭੱਜਦਾ, ਗ਼ਮੀ 'ਚ ਖੜ੍ਹਦਾ
ਆਮ ਦਿਨਾਂ 'ਚ ਸਮਾਂ ਬੀਤਨ ਦਾ,
ਲੋਕਾਈ ਨੂੰ ਪਤਾ ਨਾ ਚਲਦਾ।

4381-**ਏ, ਰਣਜੀਤਪੁਰਾ**
**ਪੁਤਲੀਘਰ, ਅੰਮ੍ਰਿਤਸਰ** -143002
**ਮੋ.** 98781-31525

# .ਗ਼ਜ਼ਲ ਸੱਥ

## ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਯਾਦ ਕੀਤਾ ਸੀ, ਪਹੁੰਚ ਗਿਆ ਹਾਂ।
ਵੇਖ ਜ਼ਰਾ ਮੈਂ ਤੇਰੇ ਦਿਲ ਵਿੱਚ, ਧੜਕ ਰਿਹਾ ਹਾਂ।
ਬਣ ਗਈ ਮੇਰੀ ਕਵਿਤਾ, ਹੁਣ ਤੂੰ ਰੂਪ ਬਦਲ ਕੇ,
ਚਿਤਵਦਿਆਂ ਮੈਂ ਧੁਰ ਅੰਦਰ ਤੱਕ, ਮਹਿਕ ਗਿਆ ਹਾਂ।
ਇੱਕ ਸ਼ਬਦ ਹੀ ਯਾਦ ਮੇਰੀ ਵਿੱਚ, ਰਿਹਾ ਸਲਾਮਤ,
ਵੇਖ ਅਜੇ ਵੀ ਪਾਰਾ ਬਣ ਕੇ, ਲਰਜ਼ ਰਿਹਾ ਹਾਂ।
ਮੇਰਾ ਨਾਮ ਜਿਵੇਂ ਤੂੰ, ਹੱਕ ਦੇ ਨਾਲ ਪੁਕਾਰਿਆ,
ਸੁਣ ਕੇ ਤੈਥੋਂ ਅੰਦਰੋਂ-ਬਾਹਰੋਂ, ਮਹਿਕ ਗਿਆ ਹਾਂ।
ਕੋਰੇ ਵਰਕੇ ਤਿਲਕ ਰਹੇ ਨੇ, ਪੜ੍ਹਦੇ-ਪੜ੍ਹਦੇ,
ਸ਼ਬਦਾਂ ਤੋਂ ਬਿਨ ਅਰਥਾਂ ਵਿੱਚ, ਗੁਆਚ ਗਿਆ ਹਾਂ।
ਸ਼ਬਦ ਜਾਲ ਤੋਂ ਵੱਖਰੀ, ਹੁੰਦੀ ਚੁੱਪ ਦੀ ਭਾਸ਼ਾ,
ਏਸ ਇਬਾਰਤ ਨੂੰ ਵੀ ਹੁਣ ਮੈਂ, ਸਮਝ ਗਿਆ ਹਾਂ।
ਪੱਥਰ ਦੇ ਭਗਵਾਨ ਅਗਾੜੀ ਨਤਮਸਤਕ ਹਾਂ,
ਸਰਕਦਿਆਂ ਮੈਂ ਕਿੰਨਾ ਥੱਲੇ ਗਰਕ ਗਿਆ ਹਾਂ।

**113-ਐਫ, ਸ਼ਹੀਦ ਭਗਤ ਸਿੰਘ ਨਗਰ**
**ਪੱਖੋਵਾਲ ਰੋਡ, ਲੁਧਿਆਣਾ-141013**
**ਮੋ. 98726-31199**

◆◆◆

## ਦੇਸ਼ ਵੰਡ ਨੂੰ ਸਮਰਪਿਤ

**ਪ੍ਰੋ. ਜਸਵੰਤ ਸਿੰਘ ਕੈਲਵੀ**



ਭਰੇ ਹੌਕੇ ਹਵਾਵਾਂ ਨੇ ਉਦੋਂ ਸੀ ਡਰ ਗਏ ਪਾਣੀ
ਧਰਾ ਜਦ ਖ਼ੂਨ ਵਿੱਚ ਭਿੱਜੀ ਤਾਂ ਰੋ ਰੋ ਮਰ ਗਏ ਪਾਣੀ

ਖ਼ੁਦਾਈ ਕਹਿਰ ਜਦ ਟੁੱਟਾ ਉਦੋਂ ਦੀ ਬਾਤ ਪਾਵਾਂ ਮੈਂ
ਅਦਲ ਦੀ ਲਾਸ਼ ਨੂੰ ਚੁੱਕ ਕੇ ਦਰਾਂ 'ਤੇ ਧਰ ਗਏ ਪਾਣੀ!



ਕਿਸੇ ਦਾ ਮਰ ਗਿਆ ਰਾਂਝਾ- ਕਿਸੇ ਦੀ ਹੀਰ ਸੀ ਮੋਈ
ਕਿਸੇ ਦਾ ਵੱਢਿਆ ਪੁੱਤਰ, ਖ਼ੁਦਾ! ਕੀ ਕਰ ਗਏ ਪਾਣੀ?

ਉਧਾਲੇ-ਜ਼ੁਲਮ ਜਦ ਹੋਏ ਬਹੂ ਤੇ ਬੇਟੀਆਂ ਉੱਤੇ
ਲਹੂ ਡੁੱਲ੍ਹਿਆ ਮਾਸੂਮਾਂ ਦਾ ਕਿਵੇਂ ਇਹ ਜਰ ਗਏ ਪਾਣੀ?

ਸੁਣੀ ਜਦ ਚੀਕ ਅਬਲਾ ਦੀ ਉਦੋਂ ਨਾ ਪਾਟਿਆ ਅੰਬਰ
ਧੁਲੇ ਨਾ ਖ਼ੂਨ ਦੇ ਧੱਬੇ-ਅਸਾਡੇ ਹਰ ਗਏ ਪਾਣੀ!

ਖਿਲਾਰੇ ਬੀਜ ਨਫਰਤ ਦੇ ਜਿਨ੍ਹਾਂ ਨੇ ਦੇਸ਼ ਦੇ ਅੰਦਰ,
ਹਨ੍ਹੇਰੇ ਧਰ ਗਏ ਪਲਕੀਂ ਤੇ ਨੈਣੀਂ ਭਰ ਗਏ ਪਾਣੀ!

ਕਿਵੇਂ ਹੁਣ ਕੈਲਵੀ ਦੱਸੇ? ਕਹਾਣੀ ਵੰਡ ਦੀ ਯਾਰੋ?
ਕਲੇਜਾ ਛਾਨਣੀ ਉਸਦਾ ਤੇ ਸੁਪਨੇ ਚਰ ਗਏ ਖਾਣੀ।

**ਬੀ-597, ਰਣਜੀਤ ਐਵੀਨਿਊ**
**ਅੰਮ੍ਰਿਤਸਰ-143001**
**ਮੋ. 98783-81474**

◆◆◆

## ਪ੍ਰਤਾਪ ਪਾਰਸ ਗੁਰਦਾਸਪੁਰੀ



ਹਉਕਿਆਂ ਦੀ ਮੈਂ ਜੂਨ ਹੰਢਾਵਾਂ।
ਬੀਤੇ 'ਤੇ ਜਦ ਝਾਤੀ ਪਾਵਾਂ।

ਆੜੀ - ਬੇਲੀ ਦੂਰ ਰਹਿ ਗਏ,
ਕਿਸਨੂੰ ਦਿਲ ਦਾ ਦਰਦ ਸੁਣਾਵਾਂ।

ਮਾਰੂਥਲ ਦੇ ਵਾਂਗ ਉਹ ਰੇਤਾ,
ਖਾਹਬੀਂ ਨੰਗੇ ਪੈਰੀਂ ਜਾਵਾਂ।

ਭਾਈ ਵੀ ਤਾਂ ਬਦਲ ਗਏ ਨੇ,
ਕਿੱਦਾਂ ਆਖਾਂ ਸੱਜੀਆਂ ਬਾਹਵਾਂ।

ਸ਼ਹਿਰ ਤਾਂ ਭਾਵੇਂ ਸਾਰਾ ਵੱਸਦੈ,
ਜਾਣਾ ਫਿਰ ਵੀ ਪਿੰਡ ਮੈਂ ਚਾਹਵਾਂ।

ਗਲੀਆਂ ਮੋੜ ਚੁਰਾਹੇ ਚੇਤੇ,
ਬੋਹੜਾਂ ਵਾਲੀਆਂ ਚੇਤੇ ਛਾਵਾਂ।

ਪਿੰਡ ਦੇ ਬਾਬੇ ਰਾਹਵਾਂ ਵਰਗੇ,
ਤਾਈਆਂ ਚਾਚੀਆਂ ਜਿਵੇਂ ਦੁਆਵਾਂ।

ਨਹਿਰਾਂ ਕੱਸੀਆਂ ਛੱਪੜ ਟੋਬੇ,
ਮਿੱਤਰਾਂ ਦੇ ਸੰਗ ਘੁੰਮਣਾ ਚਾਹਵਾਂ।

ਮੁੰਦਰੀ ਦੇ ਨਾਲ ਵੱਟਿਆ ਛੱਲਾ,
ਪਾਰਸ' ਚਾਹ ਕੇ ਭੁੱਲ ਨਾ ਪਾਵਾਂ।

ਮਨ ਦੀ ਹਸਰਤ ਇਕ ਹੀ ਬਾਕੀ,
ਪਿੰਡ ਦੀ ਮਿੱਟੀ ਵਿਚ ਮਿਲ ਜਾਵਾਂ।

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ**
**ਫੋਨ 9988811681**

## ਸੁਰਜੀਤ 'ਦੇਵਲ'

ਨਵੇਂ ਤੋਂ ਨਵੇਂ ਨਾ ਲਗਾਵੋ ਬਹਾਨੇ।
ਬੁਲਾ ਜੇ ਲਿਐ ਤਾਂ ਨਿਭਾਵੋ ਯਰਾਨੇ।

ਕਜ਼ਾ ਤੋਂ ਕਦੋਂ ਖੌਫ਼ ਖਾਂਦੇ ਨੇ ਆਸ਼ਿਕ,
ਮੁਹੱਬਤ ਨਿਭਾਉਂਦੇ ਦੇ ਸੀਸ ਨਜ਼ਰਾਨੇ।

ਦਗ਼ਾ ਦੇ ਗਏ ਸੀ ਮੁਸੀਬਤ 'ਚ ਆਪਣੇ,
ਸਹਾਰਾ ਬਣੇ ਡੁੱਬਦੇ ਦਾ ਬਿਗਾਨੇ।

ਫਸਾਈ ਫਿਰੇਂ ਆਪ ਦਾੜ੍ਹੀ 'ਚ ਤੀਲੇ,
ਅਸਾਂ ਨੂੰ ਭਲਾਂ ਕੀ ਰਿਹੈਂ ਮਾਰ ਤਾਨ੍ਹੇ।

ਬੜੀ ਖ਼ੂਬਸੂਰਤ ਤਿਰੀ ਹੈ ਸਜਾਵਟ,
ਬਿਨਾਂ ਤੇਗ ਨਾ ਪੁੱਛ ਤੇਰੀ ਮਿਆਨੇ।



ਬੜੇ ਭੌਂਕਦੇ ਨੇ ਚੁਣਾਵਾਂ 'ਚ ਨੇਤਾ,
ਐਕਾਂ ਨਸਲ ਦੇ ਬੜੇ ਬੇ ਜ਼ੁਬਾਨੇ।

ਗੁਜਾਰੋ ਸਮਾਂ ਨਾ ਸਕੀਮਾਂ 'ਚ 'ਦੇਵਲ'
ਚੜ੍ਹਾਵੋ ਸਿਰੇ ਜ਼ਿੰਦਗੀ ਦੇ ਨਿਸ਼ਾਨੇ।

**10ਬੀ/490**
**ਨੇੜੇ ਬਾਬਾ ਬਾਲਕ ਨਾਥ ਮੰਦਿਰ, ਧੂਰੀ-148024 (ਸੰਗਰੂਰ)**
**ਮੋ. 92563-67202**

◆◆◆

# ਗੀਤਾਂ ਦੀ ਗੂੰਜ

## ਮੇਰੇ ਪਿਉ ਦਾਦੇ

***ਪ੍ਰੋ. ਕੁਲਵੰਤ ਔਜਲਾ***

ਨਾਨਕ ਸ਼ਾਹ ਫ਼ਕੀਰ ਵਰਗੇ ਸਨ ਮੇਰੇ ਪਿਉ ਦਾਦੇ
ਹੱਥਾਂ ਉੱਤੇ ਰੱਖਕੇ ਛਕਦੇ ਰਹੇ ਰੁੱਖੇ ਮਿੱਸੇ ਪਰਸ਼ਾਦੇ

ਨਾ ਹੱਠ ਛੱਡਿਆ, ਨਾ ਹਾਰ ਮੰਨੀ
ਨਾ ਦੀਨ ਤਿਆਗਿਆ, ਨਾ ਈਨ ਮੰਨੀ
ਤਕੜੇ ਤਕੜੇ ਅੰਗ, ਤਕੜੇ ਤਕੜੇ ਇਰਾਦੇ
ਨਾਨਕ ਸ਼ਾਹ ਫਕੀਰ ਵਰਗੇ ਸਨ ਮੇਰੇ ਪਿਉ ਦਾਦੇ

ਧੜਕਦੇ ਨੇ ਕਦੇ ਹੂਕ ਵਾਂਗੂੰ ਕਦੇ ਸੇਕ ਵਾਂਗੂੰ
ਤੜਪਦੇ ਨੇ ਕਦੇ ਸਿਦਕ ਵਾਂਗੂ ਕਦੇ ਹੇਕ ਵਾਂਗੂੰ
ਸਾਊ, ਸੁਰੀਲੇ, ਸਾਧੂ ਤੇ ਸਾਦ ਮੁਰਾਦੇ
ਨਾਨਕ ਸ਼ਾਹ ਫਕੀਰ ਵਰਗੇ ਸਨ ਮੇਰੇ ਪਿਉ ਦਾਦੇ,

ਰੰਬੀਆਂ, ਦਾਤੀਆਂ ਤੇ ਕਹੀਆਂ ਦਾ ਜਾਪ ਕਰਦੇ ਰਹੇ
ਪਰਿੰਦਿਆਂ ਪੰਖੇਰੂਆਂ ਵਾਂਗ ਅਲਾਪ ਕਰਦੇ ਰਹੇ
ਕਮਾਲ ਦੇ ਜੁੱਸੇ ਤੇ ਕਮਾਲ ਦੇ ਮਾਦੇ
ਨਾਨਕ ਸ਼ਾਹ ਫ਼ਕੀਰ ਵਰਗੇ ਸਨ ਮੇਰੇ ਪਿਉ ਦਾਦੇ

ਮੀਂਹ ਵਿੱਚ ਨੁਚੜਦੇ ਰਹੇ, ਧੁੱਪਾਂ ਵਿੱਚ ਸੜਦੇ ਰਹੇ
ਅਨਪੜ੍ਹਾਂ ਵਾਂਗੂੰ ਗਰੰਥ ਪੋਥੀਆਂ ਪੜ੍ਹਦੇ ਰਹੇ
ਕਿਰਤ ਦੀ ਭਗਤੀ ਨਾਲ ਧੁਰ ਅੰਦਰੋਂ ਵਿਸਮਾਦੇ
ਨਾਨਕ ਸ਼ਾਹ ਫ਼ਕੀਰ ਵਰਗੇ ਸਨ ਮੇਰੇ ਪਿਉ ਦਾਦੇ

ਬੰਦਿਸ਼ਾਂ ਬਹਿਰਾਂ ਵਿੱਚ ਸਿਆੜ ਵਾਹੁਣ ਵਾਲੇ
ਮਾਰੂ ਮਿੱਟੀਆਂ, 'ਚੋਂ ਸੁਪਨੇ ਉਗਾਉਣ ਵਾਲੇ
ਤੁਰ ਜਾਂਦੇ ਰਹੇ ਕਦੇ ਕਦੇ ਬੇਔਲਾਦੇ
ਨਾਨਕ ਸ਼ਾਹ ਫ਼ਕੀਰ ਵਰਗੇ ਸਨ ਮੇਰੇ ਪਿਉ ਦਾਦੇ

ਆਡ ਦੇ ਪਾਣੀਆਂ ਵਾਂਗੂੰ ਸਹਿਜੇ ਸਹਿਜੇ ਵਹਿੰਦੇ ਰਹੇ
ਸੋਕਿਆਂ ਸਦਮਿਆਂ ਨੂੰ ਜੀਰ ਜੀਰ ਸਹਿੰਦੇ ਰਹੇ
ਹਰ ਹਾਲਤ ਪਗਾਉਂਦੇ ਰਹੇ ਵਚਨ ਤੇ ਵਾਅਦੇ
ਨਾਨਕ ਸ਼ਾਹ ਫ਼ਕੀਰ ਵਰਗੇ ਸਨ ਮੇਰੇ ਪਿਉ ਦਾਦੇ
ਹੱਥਾਂ ਉਤੇ ਰੱਖਕੇ ਛੱਕਦੇ ਰਹੇ ਰੁੱਖੇ ਮਿੱਸੇ ਪਰਸ਼ਾਦੇ।


**97, ਮਾਡਲ ਟਾਊਨ, ਕਪੂਰਥਲਾ-144601**
ਮੋ. 84377-88856


◆◆◆

## ਅਜੇ ਮੈਂ ਗੀਤ ਲਿਖਣਾ ਹੈ

**-ਜਗਜੀਤ ਸਿੰਘ ਗੁਰਮ**



ਅਜੇ ਮੈਂ ਗੀਤ ਲਿਖਣਾ ਹੈ
ਸਰੋਂ ਦੇ ਖਿੜਦੇ ਫੁੱਲਾਂ ਦਾ।
ਅਜੇ ਮੈਂ ਗੀਤ ਲਿਖਣਾ ਹੈ
ਗੀਤ ਨੂੰ ਗਾਉਂਦੇ ਬੁੱਲਾਂ ਦਾ।

ਮੇਰੇ ਵਿਕਦੇ ਹੋਏ ਖੇਤਾਂ ਦਾ।
ਹੁੰਦੀਆਂ ਦੂਈ ਦਵੈਤਾਂ ਦਾ।
ਅਜੇ ਮੈਂ ਗੀਤ ਲਿਖਣਾ ਹੈ
ਖਾ ਦਾਣੇ ਸੁੱਟੇ ਗੁੱਲਾਂ ਦਾ।
ਅਜੇ ਮੈਂ ਗੀਤ..........।

ਜਿਉਣਾ ਚਾਹੁੰਦੇ ਨੇ ਜਿਹੜੇ।
ਤੜਪਦੀ ਭੁੱਖ ਜਿਨ੍ਹਾਂ ਵਿਹੜੇ।



ਅਜੇ ਮੈਂ ਗੀਤ ਲਿਖਣਾ ਹੈ
ਜੂਝਦੀਆਂ ਹੋਈਆਂ ਕੁੱਲਾਂ ਦਾ।
ਅਜੇ ਮੈਂ ਗੀਤ..........।

ਮੁੱਕਦੇ ਜਾਂਦੇ ਪਾਣੀ ਦਾ।
ਉਲਝਦੀ ਹੋਈ ਤਾਂਣੀ ਦਾ।
ਅਜੇ ਮੈਂ ਗੀਤ ਲਿਖਣਾ ਹੈ
ਅਜਾਂਈ ਜਾਂਦੇਂ ਮੁੱਲਾਂ ਦਾ।
ਅਜੇ ਮੈਂ ਗੀਤ..........।

ਜਿਨ੍ਹਾਂ ਵਿੱਚ ਰੱਤ ਨਾ ਹੋਵੇ।
ਜਿਨ੍ਹਾਂ ਸਿਰ ਛੱਤ ਨਾ ਹੋਵੇ।
ਉਨ੍ਹਾਂ ਲਈ ਗੀਤ ਲਿਖਣਾ ਹੈ
ਗੁਰਮ, ਨੇ ਹੋਈਆਂ ਭੁੱਲਾਂ ਦਾ।

ਅਜੇ ਮੈਂ ਗੀਤ ਲਿਖਣਾ ਹੈ
ਸਰੋਂ ਦੇ ਖਿੜਦੇ ਫੁੱਲਾਂ ਦਾ।
ਅਜੇ ਮੈਂ ਗੀਤ ਲਿਖਣਾ ਹੈ
ਗੀਤ ਨੂੰ ਗਾਉਂਦੇ ਬੁੱਲਾਂ ਦਾ।


ਮਕਾਨ ਨੰ 1008/29/2
ਗਲੀ ਨੰ, 8, ਬਾਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ
ਮੋ. 99147 01668


◆◆◆

## ਹੱਸਦਿਆਂ ਯਾਰ ਛੱਡੀਏ

**ਸੁਰਜੀਤ 'ਦੇਵਲ'**

ਹੱਸਦਿਆਂ ਯਾਰ ਛੱਡੀਏ, ਜਿਹੜਾ ਫੇਰ ਵੀ ਕਦੇ ਕੰਮ ਆਵੇ,
ਓ ਹੱਸਦਿਆਂ ਯਾਰ ਛੱਡੀਏ, ਜਿਹੜਾ ਰੁੱਸਿਆਂ ਨੂੰ ਫੇਰ ਗਲ ਲਾਵੇ।

ਮਾਪਿਆਂ ਤੋਂ ਲੱਖ ਉਹਲਾ ਰੱਖਦੇ, ਦਿੰਦੇ ਸਭ ਨੂੰ ਚਾਰ ਸਦਾ,
ਯਾਰ ਦੇ ਅੱਗੇ ਦਿਲ ਦੀ ਪਟਾਰੀ, ਦਿੰਦੇ ਖੋਲ ਕੇ ਯਾਰ ਸਦਾ।
ਕਦੇ ਦਿਲ ਨਾ ਕਿਸੇ ਦਾ ਮੁਰਝਾਵੇ
ਹੱਸਦਿਆਂ ਯਾਰ ਛੱਡੀਏ.....

ਯਾਰ ਹੁੰਦੇ ਗ਼ਮਖ਼ਾਰ ਹੁੰਦੇ, ਨਾ ਬੀਤੇ ਦਿਨ ਵਿਸਾਰ ਦਿੰਦੇ।
ਆਪਣੀ ਜਾਨ ਚੜ੍ਹ ਕੇ ਸੂਲੀ, ਯਾਰ ਦਾ ਬੇੜਾ ਤਾਰ ਦਿੰਦੇ।
ਦਿਨ ਲੱਗੀਆਂ ਦੇ ਕੋਈ ਨਾ ਭੁਲਾਵੇ
ਹੱਸਦਿਆਂ ਯਾਰ ਛੱਡੀਏ......



ਕੀ ਹੋਇਆ ਜੇ ਟੁੱਟੀ ਮੁਹੱਬਤ, ਦਿਲ ਵਿੱਚ ਬੁਰਾ ਚਿਤਾਰੋ ਨਾ।
ਇਕ ਦੂਜੇ ਦੇ ਖ਼ੂਨ ਦੇ ਪਿਆਸੇ, ਬਣ ਕੇ ਉਮਰ ਗੁਜਾਰੋ ਨਾ।
ਮਹਿਕ ਸੀ ਕਿਉਂ ਨਾ ਪਿਆਰ ਵਾਲੀ ਜਾਵੇ
ਹੱਸਦਿਆਂ ਯਾਰ ਛੱਡੀਏ.....

ਮੇਹਣੋ ਮੇਹਣੀ ਹੋ ਕੇ ਟੁੱਟਦੀ, ਯਾਰੀ ਯਾਰਾਂ ਦੀ ਮਾੜੀ ਐ।
'ਦੇਵਲ' ਜੱਗ ਹਸਾਉਣੀ ਬਣਦੀ, ਅੱਗ ਗੁੱਸੇ ਦੀ ਚਾੜ੍ਹੀ ਐ।
ਰੱਬ ਕਿਸੇ ਦਾ ਫ਼ਰਕ ਨਾ ਪਾਵੇ
ਹੱਸਦਿਆਂ ਯਾਰ ਛੱਡੀਏ....


ਮੋ. 92563-67202

◆◆◆

# ਨਿਬੰਧ

## ਬ੍ਰਿਹਾ ਦਾ ਕਵੀ-ਸ਼ਿਵ ਬਟਾਲਵੀ

**ਰਜਿੰਦਰ ਵਰਮਾ**



ਸ਼ਿਵ ਬ੍ਰਿਹਾ ਦਾ ਕਵੀ ਹੈ, ਮਾਤਾ ਨੇ ਨਾਂ ਰੱਖਿਆ ਸ਼ਿਵ। ਸੱਚਮੁੱਚ ਹੀ ਸ਼ਿਵ ਬ੍ਰਿਹ ਕੂਕਦਾ ਰਿਹਾ। ਉਹ ਬ੍ਰਿਹਾ ਲੈ ਕੇ ਪੈਦਾ ਹੋਇਆ, ਬ੍ਰਿਹਾਂ ਦੇ ਹੀ ਜੁਆਨ ਹੋਇਆ ਅਤੇ ਬ੍ਰਿਹਾ ਵਿੱਚ ਹੀ ਇਸ ਫ਼ਾਨੀ ਦੁਨੀਆਂ ਤੋਂ ਕੂਚ ਕਰ ਗਿਆ।

ਉਹ ਮਨੁੱਖ ਨੂੰ ਲੋਹੇ ਦਾ ਯੰਤਰ ਆਖਦਾ ਹੈ। ਕਿਸੇ ਦੀ ਗੱਲ ਨਹੀਉਂ ਸੁਣਦੇ, ਕਿਸੇ ਨਾਲ ਪਿਆਰ ਨਹੀਂ ਕਰਦੇ। ਬੱਸ ਪੈਸੇ ਦੀ ਦੌੜ ਲੱਗੀ ਐ। ਉਹ ਚੰਡੀਗੜ੍ਹ ਨੂੰ ਪੱਥਰਾਂ ਦਾ ਸ਼ਹਿਰ ਦੱਸਦਾ ਹੈ ਅਤੇ ਇਥੇ ਵਸਦੇ ਲੋਕਾਂ ਨੂੰ ਪੱਥਰ ਦੇ ਆਦਮੀ ਆਖਦਾ ਹੈ।

ਜਦੋਂ ਸ਼ਿਵ ਕਾਲਜ ਦੀ ਕੰਟੀਨ 'ਚ ਬੈਠਦਾ, ਕੁੜੀਆਂ ਦਾ ਝੁਰਮਟ ਉਸ ਦੁਆਲੇ ਜੁੜਿਆ ਰਹਿੰਦਾ। ਸਿਗਰਿਟ ਦੇ ਕਸ਼ ਲਾਈ ਜਾਂਦਾ ਅਤੇ ਕਾਲੀ ਮਾੜੀ ਉਸਦੀ ਟੇਬਲ ਤੇ



ਹਾਜ਼ਿਰ ਰਹਿੰਦੀ। ਇਨ੍ਹਾਂ ਚੀਜ਼ਾਂ ਦੀ ਘਾਟ ਉਸਨੇ ਕਦੇ ਮਹਿਸੂਸ ਨਹੀਂ ਸੀ ਕੀਤੀ। ਉਹ ਕੁੜੀਆਂ ਦੀਆਂ ਕਾਪੀਆਂ ਤੇ ਸਾਇਨ ਕਰਦਾ ਰਹਿੰਦਾ, ਉਸਦੇ ਪੈਨ ਦੀ ਸਿਆਹੀ ਖ਼ਤਮ ਹੋ ਜਾਂਦੀ ਪਰ ਭੀੜ ਉਸ ਦੁਆਲਿਉਂ ਕਦੀ ਨਾ ਮੁੱਕਦੀ। ਮਹਿਫ਼ਲ ਉਨਾਂ ਚਿਰ ਜੰਮੀ ਰਹਿੰਦੀ ਜਿੰਨਾ ਚਿਰ ਸ਼ਿਵ ਦੀ ਟੇਬਲ ਦੁਆਲੇ ਕੁੜੀਆਂ ਦਾ ਝੁਰਮਟ ਬਣਿਆ ਰਹਿੰਦਾ। ਸ਼ਿਵ ਦਾ ਪਿਆਰ ਮੀਨਾ ਨਾਂ ਦੀ ਕੁੜੀ ਨਾਲ ਹੋ ਗਿਆ। ਬੱਸ ਫੇਰ ਕੀ ਸੀ, ਮੀਨਾ ਉਸ ਲਈ ਬ੍ਰਿਹੋਂ ਦਾ ਕਾਰਣ ਬਣੀ। ਉਹ ਹੌਂਕੇ ਭਰਦਾ ਰਿਹਾ, ਪੀੜਾ ਦੇ ਪਰਾਗੇ ਭੁੰਨਾਉਂਦਾ ਰਿਹਾ, ਬ੍ਰਿਹਾਂ-2 ਕੂਕਦਾ ਰਿਹਾ, ਆਟੇ ਦੀਆਂ ਚਿੜੀਆਂ ਬਣਾ ਕੇ ਉਡਾਉਂਦਾ ਰਿਹਾ, ਅਲਵਿਦਾ ਦੇ ਨਾਅਰੇ ਲਾਉਂਦਾ ਰਿਹਾ, ਮੈਨੂੰ ਵਿਦਾ ਕਰੋ ਦਾ ਸੁਨੇਹਾ ਦਿੰਦਾ ਰਿਹਾ।

ਗੁਰਬਾਣੀ ਦਾ ਫੁਰਮਾਨ ਹੈ -

"ਬ੍ਰਿਹਾਂ ਬ੍ਰਿਹਾਂ ਆਖੀਐ, ਬ੍ਰਿਹਾਂ ਤੂੰ ਸੁਲਤਾਨ,
ਜਿਸ ਤਨੁ ਬ੍ਰਿਹਾਂ ਨਾ ਓਪਜੈ, ਵੋਹ ਤਨੁ ਵਾਂਗ ਮਸਾਨ"

ਉਪਰੋਕਤ ਮਹਾਂਵਾਕ ਦਾ ਅਰਥ ਹੈ ਕਿ ਜਿਸ ਤਨ ਬ੍ਰਿਹਾਂ ਨਹੀਂ ਉਪਜਦੀ ਉਹ ਸਰੀਰ ਇਕ ਮਸਾਨ (ਸ਼ਮਸ਼ਾਨ) ਵਾਂਗ ਹੈ। ਸ਼ਿਵ ਨੇ ਬ੍ਰਿਹਾਂ ਨੂੰ ਗਲੇ ਲਗਾਇਆ, ਰੱਜ ਕੇ ਹੰਢਾਇਆ ਬ੍ਰਿਹਾਂ ਦੇ ਘੁੱਟ ਪੀਤੇ ਅਤੇ ਬ੍ਰਿਹਾਂ ਦਾ ਹੀ ਹੋ ਨਿਬੜਿਆ।

ਸ਼ਿਵ ਨੇ ਜੋ ਕੁਝ ਲਿਖਿਆ, ਬ੍ਰਿਹਾ ਨੂੰ ਸਮਰਪਿਤ ਕੀਤਾ। ਅੱਧੀ ਕੁ ਦਰਜਨ ਕਾਵਿ ਸੰਗ੍ਰਹਿ, ਮਹਾਂਕਵਿ ਲੂਣਾ ਲਿਖ ਕੇ ਸ਼੍ਰੋਮਣੀ ਸਾਹਿਤਕਾਰ ਦਾ ਐਵਾਰਡ ਪ੍ਰਾਪਤ ਕੀਤਾ। ਲੂਣਾ ਵਿੱਚ, ਪੂਰਨਾ ਦੀ ਕਹਾਣੀ ਨੂੰ ਨਵੇਂ ਸਿਰਿਉਂ ਲਿਖਿਆ ਲੂਣਾਂ ਨੂੰ ਨਿਰਦੋਸ਼ ਸਿੱਧ ਕੀਤਾ। ਕਿਉਂਕਿ ਲੂਣਾ ਨਿਰਦੋਸ਼ ਹੈ। ਉਸਦਾ ਵਰ ਸਲਵਾਨ ਉਸ ਦੀ ਉਮਰ ਨਾਲੋਂ ਕਾਫ਼ੀ ਵੱਡਾ ਹੈ ਕਿਉਂਕਿ -

ਪਿਤਾ ਜੇ ਧੀ ਦਾ ਰੂਪ ਹੰਢਾਵੇ
ਜਗ ਨੂੰ ਫਿਰ ਲੱਜ ਨਾ ਆਵੇ (ਲੂਣਾ)
ਕਰਜ਼ਾ, ਨਾਮੀ ਕਵਿਤਾ ਵਿੱਚ, ਬ੍ਰਿਹਾ ਦਾ ਰੂਪ -
ਸੌ ਯਾਰਾਂ ਦੀ ਯਾਰੀ ਨਾਲੋਂ, ਇਕ ਹੰਝੂ ਦੀ ਯਾਰੀ ਚੰਗੀ
ਪਿਆਰ ਦੀ ਬਾਜ਼ੀ ਜਿੱਤਣ ਨਾਲੋਂ, ਪਿਆਰ ਦੀ ਬਾਜੀ ਹਾਰੀ ਚੰਗੀ
ਜਦੋਂ ਮੀਨਾ ਉਸ ਤੋਂ ਦੂਰ ਚਲੀ ਗਈ, ਤਾਂ ਸ਼ਿਵ ਕੂਕ ਉਠਿਆ -
ਮੇਰਿਆ ਗੀਤਾਂ ਦੀ ਮੈਨਾ ਮਰ ਗਈ,
ਰਹਿ ਗਿਆ ਪਾਂਧੀ ਮੁਕਾ ਪਹਿਲਾ ਹੀ ਕੋਹ (ਸਰੀਂਹ ਦੇ ਫੁੱਲ)
ਨਿੱਤ ਉਡੀਕਾਂ ਦੀ ਅੱਗ ਪੀ ਪੀ ਕੇ,
ਦਿਲ ਦਾ ਪਿੱਤਾ ਮੈਂ ਸਾੜ ਲੀਤਾ (ਹੰਝੂਆਂ ਦੀ ਛਬੀਲ)

ਇਸ ਦੇ ਫੱਟ ਸ਼ਿਵ ਲਈ ਕਦੀ ਨਾ ਭਰ ਸਕੇ, ਉਹ ਸਾਰੀ ਉਮਰ ਇਨਾਂ ਫੱਟਾਂ ਨੂੰ ਭਰਨ ਦੇ ਉਪਰਾਲੇ ਕਰਦਾ ਰਿਹਾ।

ਇਹ ਫੱਟ ਹਨ ਇਸ਼ਕ ਦੇ, ਇਨਾਂ ਦੀ ਯਾਰੋ ਕੀ ਦਵਾ ਹੋਵੇ

ਇਹ ਹੱਥ ਲਾਇਆ ਵੀ ਦੁਖਦੇ ਨੇ, ਮੱਲ੍ਹਮ ਲਾਇਆ ਵੀ ਦੁਖਦੇ ਨੇ
(ਗ਼ਮਾਂ ਦੀ ਰਾਤ)

ਸ਼ਿਵ ਨੇ ਪੀੜਾਂ ਦਾ ਪਰਾਗਾ ਭੁੰਨਾਇਆਂ। ਉਹ ਦਾਣਾ-2 ਚੱਬਦਾ ਰਿਹਾ, ਪਰ ਪੀੜ ਦੂਰ ਨਾ ਹੋਈ -

ਛੇਤੀ-2 ਕਰ ਮੈਂ ਤਾਂ ਜਾਣਾ
ਜਿੱਥੇ ਮੇਰੇ ਹਾਣੀਆ ਦਾ ਟੂਰ ਗਿਆ ਪੂਰ ਨੀ
ਉਸ ਪਿੰਡ ਦਾ ਸੁਣੀਂਦਾ ਹਾਲ ਮਾੜਾ-
ਨੀ ਪੀੜਾਂ ਦਾ ਪਰਾਗਾ ਭੁੰਨਦੇ, ਭੱਠੀ ਬੱਲੀਏ-ਨੀ (ਪੀੜਾਂ ਦਾ ਪਰਾਗਾ)

ਉਸਦੀ ਇੱਕ-ਇੱਕ ਰਾਤ ਲੰਮੀ ਹੁੰਦੀ ਗਈ ਜਿਸ ਮੁੱਕਣ ਦਾ ਨਾਂ ਮਿਲਿਆ-

ਗ਼ਮਾਂ ਦੀ ਰਾਤ ਲੰਬੀ ਏ, ਜਾ ਮੇਰੇ ਗੀਤ ਲੰਬੇ ਨੇ,
ਨਾ ਭੈੜੀ ਰਾਤ ਮੁੱਕਦੀ ਏ, ਨਾ ਮੇਰੇ ਗੀਤ ਮੁੱਕਦੇ ਨੇ,
(ਗ਼ਮਾਂ ਦੀ ਰਾਤ)

ਸ਼ਿਵ ਨੇ ਇਸ਼ਕ ਨੂੰ ਨਿਹੋਰਾ ਦਿੱਤਾ ਜੋ ਸੱਤ ਸਮੁੰਦਰੋਂ ਪਾਰ ਜਾ ਚੁੱਕੀ ਸੀ -

ਮਾਏ ਨੀ ਮਾਏ,
ਮੈਂ ਇਕ ਸ਼ਿਕਰ ਯਾਰ ਬਣਾਇਆ,
ਨੀਂ ਮੈਂ ਵਾਰੀ...
ਚੂਰੀ ਪਾਵਾਂ ਖਾਂਦਾ ਨੀ,
ਮੈਂ ਤਨ ਦਾ ਮਾਸ ਖੁਵਾਇਆ,
ਨੀ ਮੈਂ ਵਾਰੀ (ਸ਼ਿਕਰਾ ਯਾਰ)

ਉਹ ਆਪਣੇ ਮਹਿਬੂਬ ਨੂੰ ਕਦੀ ਨਾ ਭੁੱਲ ਸਕਿਆ ਕਿਉਂਕਿ ਉਸਨੇ ਜ਼ਿੰਦਗੀ ਭਰ ਲਈ ਅਜਿਹੀ ਪੀੜ ਦਿੱਤੀ, ਜਿਸ ਨੂੰ ਸ਼ਿਵ ਲਗਾਤਾਰ ਹੁੰਢਾਉਂਦਾ ਰਿਹਾ -

ਤੇਲ ਇਤਰ ਮੇਰੀ ਜ਼ੁਲਫੀ, ਮੈਨੂੰ ਲੈ ਚੱਲੋ ਕਬਰਾਂ ਵੱਲ ਨੀ,
ਖੌਰੇ ਭੂਤ/ਭੁਤਾਨੇ ਦੀ ਬਣ, ਚਿੰਬੜ ਜਾਵਣ ਹਾਣੀ ਨੀ-
(ਆਪਣੀ ਸਾਲ ਗਿਰਾਹ ਤੇ)

ਇਸ਼ਕ ਬੇਵਫ਼ਾ ਹੈ ਜੋ ਜ਼ਿੰਦ/ਜਾਨ ਵਾਰਨ ਦੇ ਨਾਹਰੇ ਲਾਉਂਦਾ ਹੈ। ਉਹ ਇੱਕ ਦਿਨ ਬਿਨਾਂ ਕੁਝ ਦੱਸੇ ਦੂਰ ਉਡਾਰੀ ਮਾਰ ਕੇ ਚਲਾ ਜਾਂਦਾ ਹੈ-

ਮੇਰੇ ਹਿੱਸੇ ਦੀ ਮਾਂ, ਹੁਣ ਨਿੱਤ ਸ਼ਰਾਬੀ ਹੋ ਕੇ ਆਉਂਦੀ ਹੈ,
ਹੁਣ ਪਿੰਡ ਵਿੱਚ ਬਦਨਾਮ ਹੁੰਦੀ ਹੈ,
ਤੇ ਮੇਰੇ ਸੁਪਨਿਆਂ ਦੇ ਘਰ ਸਵੇਰ-ਸ਼ਾਮ ਹੁੰਦੀ ਹੈ-
(ਮੈਂ ਤੇ ਮੈਂ)

ਉਹ ਬੇਵਫ਼ਾ - ਚਿਹਰਿਆਂ ਦਾ ਦਰਦ ਹੰਢਾਉਂਦਾ ਰਿਹਾ, ਉਸਦੀ ਹੂਕ ਪੰਚਮਸਰ/ਹਵਾਵਾਂ 'ਚ ਘੁਲਦੀ ਰਹੀ -



ਸਾਨੂੰ ਲੱਖਾਂ ਦਾ ਤਨ ਲੱਭਿਆ, ਪਰ ਇੱਕ ਵੀ ਮਨ ਨਾ ਮਿਲਿਆ,
ਕੀ ਲਿਖਿਆ, ਕਿਸ ਮੁੱਕਦਾ ਸੀ, ਹੱਥਾਂ ਦੀਆਂ ਚਾਰ ਲਕੀਰਾਂ ਦਾ
ਕੀ ਪੁੱਛਦੇ ਹੋ ਹਾਲ ਫਕੀਰਾਂ ਦਾ,
ਸਾਡਾ ਨਦੀਓਂ ਵਿਛੜੇ ਨੀਰਾਂ ਦਾ, ਕੀ ਪੁੱਛਦੇ ਹੋ ਹਾਲ.... ?
(ਆਰਤੀ)

1963 ਵਿੱਚ ਭਾਸ਼ਾ ਵਿਭਾਗ ਨੇ ਸ਼ਿਵ ਦੇ ਕਾਵਿ ਸੰਗ੍ਰਹਿ "ਆਟੇ ਦੀਆਂ ਚਿੜੀਆਂ" ਨੂੰ ਪ੍ਰਥਮ ਇਨਾਮ ਦਿੱਤਾ। 1965 ਵਿੱਚ ਪੰਜਾਬੀ ਫ਼ਿਲਮ 'ਸ਼ੌਂਕਣ ਮੇਲੇ ਦੀ' ਦੇ ਵਧੀਆ ਗੀਤਾਂ ਲਿਖਣ ਲਈ ਸ਼ੀਲਡ ਪ੍ਰਾਪਤ ਕੀਤੀ ਅਤੇ 1967 ਵਿੱਚ ਲੂਣਾ ਨੂੰ ਸਾਹਿਤ ਅਕੈਡਮੀ ਵੱਲੋਂ 5000 ਰੁਪਏ ਦਾ ਇਨਾਮ ਮਿਲਿਆ।

ਕੋਈ ਵੀ ਸਾਹਿਤਕ ਸਮਾਗਮ ਓਨਾ ਚਿਰ ਸਫ਼ਲ ਨਾ ਹੁੰਦਾ, ਜਿੰਨਾ ਚਿਰ ਉਸ ਵਿਚ ਸ਼ਿਵ ਦੀ ਹਾਜ਼ਰੀ ਨਾ ਹੁੰਦੀ। ਲੋਕਾਂ ਨੇ ਸ਼ਿਵ ਦੀ ਕਵਿਤਾ ਦਾ ਵਿਰੋਧ ਕੀਤਾ, ਸ਼ਿਵ ਨੇ ਤਲ਼ਖੀ ਖਾਧੀ ਅਤੇ ਕਿਹਾ -

ਕਿਸੇ ਕੁੱਤੇ ਨੂੰ ਹਮਦਰਦੀ ਦੀ ਲੋੜ ਨਹੀਂ, ਮੈਨੂੰ ਲੋੜ ਐ ਲੋਕਾਂ ਦੀ ਸਮਝ ਦੀ ਸਹਿਤਕ ਸੂਝ ਦੀ, ਮੇਰੇ ਦੁਆਲੇ ਢੁੱਕੀ ਫਿਰਦੇ ਨੇ, ਕਹਿੰਦੇ ਨੇ, ਸ਼ਰਾਬ ਨਾ ਪੀਆ ਕਰ, ਨਸ਼ਿਆਂ ਤੇ ਗੀਤ ਨਾ ਲਿਖ, ਦੱਸੋ ਮੈਂ ਕੀ ਕਰਾਂ? ਜੋ ਮੈਂ ਲਿਖ ਰਿਹਾ ਹਾਂ, ਤੇ ਉਸ ਨੂੰ ਕੋਈ ਛਾਪਣ ਲਈ ਤਿਆਰ ਨਹੀਂ।" (ਆਰਸੀ)

ਰੂਪਵਤੀ (ਪੰਜਾਬੀ ਮਾਸਿਕ) ਦੇ ਸਰਪ੍ਰਸਤ ਜੋੜੇ ਸ੍ਰੀਮਤੀ ਕੈਲਾਸ਼ਪੁਵਰੀ ਅਤੇ ਡਾ. ਰੁਪਾਲਪੁਰੀ ਦੇ ਸੱਦੇ ਤੇ ਉਹ 17 ਮਈ 1972 ਨੂੰ ਇੰਗਲੈਂਡ ਪੁੱਜਿਆ। ਉਥੇ ਵੱਖ-2 ਸ਼ਹਿਰਾਂ ਦੇ ਕਵੀ ਦਰਬਾਰ ਹੋਏ। ਦਾਦ ਮਿਲੀ, ਲੋਕਾਂ ਦਾ ਨਿੱਘ ਮਿਲਿਆ ਤਾਂ ਸ਼ਿਵ ਨੇ ਮੋੜਵਾਂ ਜਵਾਬ ਦਿੱਤਾ-

ਮੈਂ ਉਦੋਂ ਗ਼ਲਤ ਰਾਹ ਤੇ ਤੁਰ ਰਿਹਾ ਸੀ, ਉਦੋਂ ਮੈਂ ਨਿਆਣਾ ਵੀ ਸੀ ਨਾ-ਪਰ ਹੁਣ ਮੈਂ ਬਹੁਤ ਅੱਗੇ ਆ ਗਿਆ ਹਾਂ" (ਰੂਪਵਤੀ-ਦਸੰਬਰ 1972)

ਸ਼ਿਵ ਬਿਮਾਰ ਪੈ ਗਿਆ। ਸ਼ਰਾਬ ਨੇ ਉਸ ਦਾ ਜਿਗਰ ਖਤਮ ਕਰ ਦਿੱਤਾ ਸੀ। ਉਹ ਹੁਣ ਗਾਲਾਂ ਕੱਢਣ ਲੱਗ ਪਿਆ ਸੀ. ਉਹ ਪੱਥਰਾਂ ਦੇ ਸ਼ਹਿਰ ਤੋਂ ਆਪਣੇ ਲੋਹੇ ਦੇ ਸ਼ਹਿਰ ਬਟਾਲੇ ਆ ਗਿਆ ਸੀ। ਸ਼ਿਵ ਜਿਸ ਨੂੰ ਲੋਕ ਹੱਥੀਂ ਛਾਵਾਂ ਕਰਦੇ ਸਨ, ਪਾਣੀ ਦੀ ਥਾਂ ਵਿਸਕੀ ਦਿੰਦੇ ਸਨ। ਹੁਣ, ਉਸਦੇ ਨੇੜੇ ਕੋਈ ਵੀ ਨਹੀਂ ਸੀ। ਉਹ ਇਕੱਲਾ ਸੀ ਉਸਨੂੰ ਆਪਣਾ ਆਖਿਆ ਸੱਚ ਪ੍ਰਤੀ ਹੋਣ ਲੱਗ ਪਿਆ ਸੀ।

ਜਦੋਂ ਮੈਂ ਮਰਿਆਂ ਬਲਵੰਤ, ਪੰਜ ਕੁੱਤਿਆਂ ਨੇ ਵੀ ਨਹੀਂ ਆਉਣਾ, ਅੰਮ੍ਰਿਤਾ ਇਕ ਨਜ਼ਮ ਲਿਖ ਦੇਵੇਗੀ ਅਤੇ ਤੂੰ ਆਖ ਦੇਵੇਗਾ, ਮਰ ਗਿਆ ਵਿਚਾਰਾ ਕੌਡੀਆਂ ਵਾਲਾ ਸੱਪ।

6 ਮਈ 1973 ਨੂੰ ਬ੍ਰਿਹਾ ਦਾ ਸੁਲਤਾਨ ਸ਼ਿਵ ਰਾਤ ਦੇ 9 ਕੁ ਵਜੇ ਅਰੁਣਾ ਦੀ ਝੋਲੀ 'ਚ ਸਾਨੂੰ ਸਦੀਵੀਂ ਵਿਛੋੜਾ ਦੇ ਗਿਆ। ਬ੍ਰਿਹਾਂ ਦੀ ਦਾਸਤਾਨ ਖਤਮ ਹੋ ਚੁੱਕੀ ਸੀ। ਸ਼ਿਵ

ਦੇ ਜਾਣ ਤੋਂ ਬਾਅਦ ਉਸ ਦੀ ਧਰਮ ਪਤਨੀ ਅਰੁਣਾ ਨੇ ਅਣਪ੍ਰਕਾਸ਼ਿਤ ਕਵਿਤਾਵਾਂ ਨੂੰ ਅਲਵਿਦਾ ਨਾਂ ਦੀ ਪੁਸਤਕ ਦੇ ਪ੍ਰਕਾਸ਼ਿਤ ਕਰਵਾਇਆ ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਨੂੰ ਸ਼ਿਵ ਪ੍ਰਤੀ ਇਕ ਸ਼ਰਧਾਂਜਲੀ ਕਿਹਾ ਜਾ ਸਕਦਾ ਹੈ।

**327, ਗੁਰੂ ਗੋਬਿੰਦ ਸਿੰਘ ਨਗਰ**
**ਗਲੀ ਨੰ. 8/6, ਨਿਊ ਸ਼ਿਮਲਾ ਪੁਰੀ**
**ਲੁਧਿਆਣਾ -141003**
**ਮੋ. 991422-21910**

◆◆◆

## ਕਹਿਣੀ ਤੇ ਕਰਨੀ

**ਨਿਰਮਲ ਸਿੰਘ ਲਾਲੀ**

ਅਜੇ ਤੱਕ ਮਨੁੱਖ ਪੂਰਨ ਰੂਪ ਵਿੱਚ ਮਨੁੱਖ ਕਿਉਂ ਨਹੀਂ ਬਣ ਸਕਿਆ, ਜਦੋਂ ਕਿ ਧਰਮ ਦੀ ਸਥਾਪਨਾ ਤੇ ਉਸਦੇ ਪ੍ਰਚਾਰ ਨੂੰ ਹੁੰਦਿਆਂ ਸਦੀਆਂ ਹੀ ਬੀਤ ਗਈਆਂ ਹਨ, ਪਰ ਮਨੁੱਖ ਅਜੇ ਤੱਕ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਨਹੀਂ ਕਰ ਸਕਿਆ ਭਾਵ ਮਨੁੱਖ ਇੰਨ੍ਹਾਂ ਬਿਰਤੀਆਂ ਦੀ ਦੁਰਵਰਤੋਂ ਕਰਦਾ ਆ ਰਿਹਾ ਹੈ ਜਿਵੇਂ ਕਿ ਅੱਜ ਕੱਲ੍ਹ ਇਨ੍ਹਾਂ ਪ੍ਰਵਿਰਤੀਆਂ ਦੇ ਅਧੀਨ ਹੋ ਕੇ ਕਤਲੋਗਾਰਤ, ਬਲਾਤਕਾਰ, ਲੁੱਟਾਂ-ਖੋਹਾਂ ਕਰ ਰਿਹਾ ਹੈ। ਸਾਡੀਆਂ ਕਈ ਸਮੱਸਿਆਵਾਂ, ਦੁੱਖਾਂ ਤੇ ਲੜਾਈਆਂ ਦਾ ਮੂਲ ਕਾਰਣ ਇਹ ਪ੍ਰਵਿਰਤੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੀਆਂ ਲੜਾਈਆਂ-ਝਗੜਿਆਂ ਦਾ ਮੂਲ ਕਾਰਨ ਜ਼ੋਰੂ, ਜ਼ਰ ਤੇ ਜ਼ਮੀਨ ਰਿਹਾ ਹੈ।

ਬਾਬੇ ਨਾਨਕ ਜੀ ਨੇ ਸਦੀਆਂ ਪਹਿਲਾਂ ਹੀ ਕਿਹਾ ਸੀ ਕਿ :

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

ਗੁਰੂ ਜੀ ਨੇ ਸਬਰ-ਸੰਤੋਖ, ਸਹਿਣਸ਼ੀਲਤਾ ਦੇ ਧਾਰਨੀ ਬਣਨ ਦੀ ਸਿੱਖਿਆ ਦਿੱਤੀ ਸੀ ਪਰ ਹੁਣ ਤੱਕ ਅਜਿਹਾ ਕਿਉਂ ਨਹੀਂ ਹੋਇਆ ਕਿਉਂਕਿ ਸਿੱਖ ਹੁਣ ਤੱਕ ਸ਼ਬਦ ਨਾਲ ਨਹੀਂ ਜੁੜਿਆ ਭਾਵ ਗੁਰਬਾਣੀ ਦੀ ਸਿੱਖਿਆ ਅਨੁਸਾਰ ਜੀਵਨ ਗੁਜ਼ਾਰਨ ਦਾ ਪ੍ਰਚਾਰ ਨਹੀਂ ਹੋਇਆ। ਹੁਣ ਤੱਕ ਗੁਰਬਾਣੀ ਪੜ੍ਹੀ ਹੀ ਜਾਂਦੀ ਹੈ ਪਰ ਉਸ ਉੱਤੇ ਅਮਲ ਨਹੀਂ ਹੋਇਆ, ਭਾਵ ਸਾਨੂੰ ਗੁਰਬਾਣੀ ਸਿੱਖਿਆ ਕੀ ਦਿੰਦੀ ਹੈ, ਇਹ ਜਾਨਣ ਦਾ ਯਤਨ ਨਹੀਂ ਕੀਤਾ। ਹੁਣ ਤਕ ਧਰਮੀ ਲੋਕ ਵੀ ਸਿਰਫ ਧਰਮੀ ਹੋਣ ਦਾ ਢੋਂਗ ਹੀ ਰਚਦੇ ਰਹੇ ਹਨ, ਭਾਵ ਬਹੁਤ ਧਰਮੀ ਲੋਕ ਭੇਖੀ ਅਤੇ ਪਾਖੰਡੀ ਹਨ। ਉਨ੍ਹਾਂ ਦੀ ਕਹਿਣੀ ਤੇ ਕਰਨੀ ਇੱਕ ਨਹੀਂ। ਕਹਿੰਦੇ ਕੁਝ ਹਨ ਅਤੇ ਕਰਦੇ ਕੁਝ ਹਨ ਜਿਵੇਂ ਅੱਜ ਕੱਲ੍ਹ ਸਿੱਖ ਭਾਈਚਾਰੇ ਵਿੱਚ ਹੋ ਰਿਹਾ ਹੈ। ਕੋਈ ਏਕਤਾ ਨਹੀਂ ਅਤੇ ਸਿੱਖ ਭਾਈਚਾਰਾ ਵੱਖ-ਵੱਖ ਧੜਿਆਂ ਵਿੱਚ ਵੰਡਿਆ ਹੋਇਆ ਹੈ ਜਿਸ ਕਰਕੇ ਸਿੱਖ ਕੌਮ ਦੀ ਦਸ਼ਾ ਬਹੁਤ ਚਿੰਤਾਜਨਕ ਹੈ। ਨਾਸਤਕ ਲੋਕਾਂ ਨੇ ਮਨੁੱਖਤਾ ਦਾ ਇੰਨਾ ਘਾਣ ਨਹੀਂ ਕੀਤਾ ਜਿੰਨਾ ਆਸਤਕ ਲੋਕਾਂ ਨੇ ਕੀਤਾ। ਗੁਰੂ ਜੀ ਕਹਿਣੀ ਤੇ ਕਰਨੀ ਦੇ ਧਾਰਨੀ ਸਨ। ਉਨ੍ਹਾਂ ਨੇ ਸੱਚ 'ਤੇ ਪਹਿਰਾ ਦਿੱਤਾ ਅਤੇ ਸੱਚ ਤੋਂ ਪਿਛੇ ਨਹੀਂ ਹਟੇ ਭਾਵੇਂ ਸੀਸ ਕਟਾ ਲਏ ਅਤੇ ਆਪਣੇ ਬੱਚੇ ਵੀ ਸ਼ਹੀਦ ਕਰਾ ਲਏ। ਧਰਮ ਦਾ ਮਾਰਗ, ਸੱਚ ਦਾ ਮਾਰਗ ਹੈ, ਜਿਹੜੇ ਲੋਕ ਬਾਹਰੋਂ ਹੋਰ ਅਤੇ ਅੰਦਰੋਂ ਹੋਰ ਹੁੰਦੇ ਹਨ, ਉਨ੍ਹਾਂ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥ ਕੁਝ ਲੋਕ ਗੁਰੂ ਘਰ ਵੀ ਜਾਂਦੇ ਹਨ, ਗੁਰਬਾਣੀ ਵੀ ਸੁਣਦੇ ਹਨ ਪਰ ਉਨ੍ਹਾਂ ਦਾ ਅਸਲੀ ਜੀਵਨ ਗੁਰੂ ਜੀ ਦੇ ਉਪਦੇਸ਼ਾਂ ਤੇ ਸਿਧਾਂਤਾਂ ਤੋਂ ਬਿਲਕੁਲ ਸੱਖਣਾ ਹੈ। ਇਨਾਂ ਲੋਕਾਂ ਬਾਰੇ ਗੁਰੂ ਜੀ ਫ਼ਰਮਾਉਂਦੇ ਹਨ,

**"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।**

ਮਨਮੁਖਿ ਤੇ ਭ੍ਰਿਸ਼ਟ ਲੋਕਾਂ ਬਾਰੇ ਵੀ ਗੁਰੂ ਜੀ ਫੁਰਮਾਉਂਦੇ ਹਨ :

**"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।**

ਸਾਨੂੰ ਪ੍ਰਸ਼ੰਸਕ, ਕਦਰਦਾਨ ਤੇ ਪਾਰਖੂ ਬਣਨਾ ਚਾਹੀਦਾ ਹੈ। ਜਿਹੜਾ ਮਨੁੱਖ ਪ੍ਰਸ਼ੰਸਾ ਦਾ ਅਧਿਕਾਰੀ ਹੈ, ਉਸ ਦੀ ਜ਼ਰੂਰ ਪ੍ਰਸ਼ੰਸਾ ਕਰੋ। ਪਰ ਕਈ ਵਾਰੀ ਈਰਖਾ ਅਧੀਨ ਹੋ ਕੇ, ਅਸੀਂ ਉਸਦੀ ਪ੍ਰਸ਼ੰਸਾ ਤਾਂ ਕੀ ਕਰਨੀ ਹੈ ਸਗੋਂ ਨਿੰਦਿਆ ਕਰਨੀ ਅਰੰਭ ਕਰ ਦਿੰਦੇ ਹਾਂ। ਦੂਜਿਆਂ ਨੂੰ ਸਮਝਣ ਦੀ ਲੋੜ ਹੁੰਦੀ ਹੈ। ਕਈ ਵਾਰੀ ਮਨੁੱਖ ਪੂਜਣ ਯੋਗ ਹੁੰਦਾ ਹੈ ਪਰ ਅਸੀਂ ਉਸਨੂੰ ਸਨਮਾਨਿਤ ਵੀ ਨਹੀਂ ਕਰਦੇ। ਕੁਝ ਮਨੁੱਖ ਸਨਮਾਨਿਤ ਕਰਨ ਯੋਗ ਹੁੰਦੇ ਹਨ ਪਰ ਅਸੀਂ ਉਨ੍ਹਾਂ ਨੂੰ ਬਣਦਾ ਸਤਿਕਾਰ ਵੀ ਨਹੀਂ ਦਿੰਦੇ। ਅਜਿਹੀਆਂ ਗੱਲਾਂ ਮਨੁੱਖੀ ਸੁਭਾਅ ਦਾ ਦੋਸ਼ ਹੁੰਦਾ ਹੈ ਭਾਵ ਮਨੁੱਖ ਅਜਿਹੀਆਂ ਗੱਲਾਂ ਈਰਖਾ, ਅਹੰਕਾਰ ਤੇ ਖ਼ੁਦਗਰਜ਼ੀ ਅਧੀਨ ਹੋ ਕੇ ਕਰਦਾ ਹੈ। ਜਿਹੜਾ ਕਿ ਗ਼ੈਰ ਮਨੁੱਖੀ ਤੇ ਅਨੈਤਿਕਤਾ ਨੂੰ ਪ੍ਰਗਟ ਕਰਦਾ ਹੈ।

ਆਮ ਲੋਕਾਂ ਨੇ ਤਾਂ ਅਜਿਹਾ ਵਤੀਰਾ ਕਰਨਾ ਹੀ ਹੁੰਦਾ ਹੈ ਪਰ ਸਾਡੇ ਵਿਸ਼ੇਸ਼ ਵਿਅਕਤੀ ਵੀ; ਜਿਵੇਂ ਧਾਰਮਿਕ ਆਗੂ ਅਤੇ ਰਾਜਸੀ ਨੇਤਾ ਵੀ ਇਸ ਬੀਮਾਰੀ ਤੋਂ ਨਹੀਂ ਬਚੇ ਭਾਵ ਉਨ੍ਹਾਂ ਦੀ ਕਹਿਣੀ ਤੇ ਕਰਨੀ ਇੱਕ ਨਹੀਂ ਹੈ। ਉਹ ਪ੍ਰਚਾਰ ਤਾਂ ਸਿਧਾਂਤਾਂ ਅਸੂਲਾਂ ਤੇ ਨੈਤਿਕਤਾ ਦਾ ਕਰਦੇ ਹਨ ਪਰ ਵਿਚੋਂ ਕੁਝ ਹੋਰ ਹੀ ਹੁੰਦੇ ਹਨ। ਅਜਿਹੇ ਰਾਜਨੀਤੀਵਾਨਾਂ ਅਤੇ ਧਾਰਮਿਕ ਆਗੂਆਂ ਦੇ ਕਾਰਣ ਹੀ ਪੰਜਾਬ ਦੀ ਵਰਤਮਾਨ ਰਾਜਨੀਤਕ, ਸਮਾਜਿਕ, ਵਿੱਦਿਅਕ, ਧਾਰਮਿਕ ਤੇ ਸੱਭਿਆਚਾਰਕ ਦਸ਼ਾ ਬਹੁਤ ਬੁਰੀ ਹੈ।

ਮੋ. 530-777-0955

# ਕਹਾਣੀਆਂ

## ਪੈੜਾਂ

***ਪ੍ਰਤਾਪ ਪਾਰਸ ਗੁਰਦਾਸਪੁਰ***



ਮੇਰੇ ਹੋਸ਼ ਸੰਭਾਲਣ ਵੇਲੇ ਸਾਡੇ ਕੱਚੇ ਘਰ ਦੀਆਂ ਕੰਧਾਂ ਦੇ ਲੇਅ ਡਿੱਗ-ਡਿੱਗ ਪੈ ਰਹੇ ਸਨ ਅਤੇ ਛੱਤ ਉੱਤੇ ਪਾਏ ਕਾਨਿਆਂ ਅਤੇ ਜੈਂਤਰਾਂ ਦਾ ਝੋਲਾ ਜਿਹਾ ਬਣਿਆ ਹੋਇਆ ਸੀ ਤੇ ਛੱਤ ਡਿੰਗੂ-ਡਿੰਗੂ ਕਰ ਰਹੀ ਸੀ।ਘਰ ਵਿਚ ਅੱਤ ਦੀ ਗਰੀਬੀ ਟੁੱਟੇ ਹੋਏ ਬੂਹਿਆਂ ਤੋਂ ਹੀ ਸਾਫ਼ ਦਿਸ ਜਾਂਦੀ ਸੀ।ਪਿਤਾ ਪਿੰਡ ਵਿਚ ਹੀ ਸਰਦਾਰਾਂ ਦਾ ਸੀਰੀ ਲੱਗਾ ਹੋਇਆ ਸੀ ਤੇ ਮਾਂ ਨੇ ਤਿੰਨ-ਚਾਰ ਘਰਾਂ ਦਾ ਕੰਮ ਲਿਆ ਹੋਇਆ ਸੀ। ਮਾਂ-ਬਾਪ ਸਖ਼ਤ ਮਿਹਨਤ ਕਰਕੇ ਮੇਰੇ ਤੋਂ ਇਲਾਵਾ ਵੱਡੀਆਂ ਤਿੰਨ ਹੋਰ ਭੈਣਾਂ ਸਮੇਤ ਪਰਿਵਾਰ ਨੂੰ ਪਾਲ ਰਹੇ ਸਨ।ਮੈਂ ਆਪਣੀ ਮਾਂ ਨਾਲ ਗੁਰਮੀਤ ਹੁਰਾਂ ਦੇ ਘਰ ਚਲੀ ਜਾਂਦੀ ਮਾਂ ਗੁਰਮੀਤ ਹੁਰਾਂ ਦਾ ਗੋਹਾ-ਕੂੜਾ ਕਰਦੀ ਤੇ ਮੈਂ ਗੁਰਮੀਤ ਨਾਲ ਖੇਡਦੀ-ਖੇਡਦੀ ਉਸਦੇ ਮੂਰਤਾਂ ਵਾਲੇ ਕਾਇਦੇ ਨੂੰ ਫੜ ਲੈਂਦੀ।ਗੁਰਮੀਤ ਮੈਨੂੰ ਮਾਸਟਰ ਬਣ ਕੇ ਪੜ੍ਹਾਉਣ ਲੱਗ ਪੈਂਦਾ, ਕਹਿ ਊੜਾ ਊਠ,ਐੜਾ ਅੰਬ ਤੇ ਈੜੀ ਇੱਟ।ਮੈਨੂੰ ਬੜਾ ਚੰਗਾ ਲੱਗਦਾ ਮੇਰੇ ਅੰਦਰ ਪੜ੍ਹਨ ਦਾ ਸ਼ੌਕ ਜਾਗਣ ਲੱਗ ਪਿਆ ਪਰ ਉਸ ਵਕਤ ਸਾਡੇ ਘਰ ਵਿਚ ਪੜ੍ਹਾਈ ਦਾ ਸ਼ੌਕ ਪਾਲਣਾ ਮਾਰੂਥਲ ਵਿਚ ਮਨੀ ਪਲਾਂਟ ਲਗਾਉਣ ਵਾਂਗ ਲੱਗਦਾ ਸੀ।ਮੈਂ ਆਪਣੇ ਪਿਤਾ ਨੂੰ ਬੇ-ਸਮਝੀ ਵਿਚ ਹੀ ਕਿਹਾ, ਪਾਪਾ, ਮੈਂ ਵੀ ਗੁਰਮੀਤ ਵਾਲੇ ਸਕੂਲ ਪੜ੍ਹਨੇ ਪੈਣਾ ਏ,ਪੜ੍ਹ ਕੇ ਮੇਰਾ ਮਾਸਟਰ ਬਣਨ ਨੂੰ ਬੜਾ ਜੀਅ ਕਰਦਾ ਹੈ। ਮੇਰੇ ਕਹੇ ਅਨਭੋਲ ਬੋਲ ਜਿਵੇਂ ਮੇਰੇ ਅਨਪੜ੍ਹ ਪਾਪੇ ਦੇ ਸੀਨੇ ਨੂੰ ਲੱਗ ਗਏ ਹੋਣ। ਉਸਨੇ ਦਿਲ ਹੀ ਦਿਲ ਵਿਚ ਠਾਨ ਲਿਆ ਸੀ ਕਿ ਮੈਨੂੰ ਚਾਹੇ ਆਪਣੇ ਅੰਗ ਹੀ ਕਿਉਂ ਨਾ ਵੇਚਣੇ ਪੈ ਜਾਣ, ਮੈਂ ਆਪਣੀ ਧੀ ਨੂੰ ਜ਼ਰੂਰ ਮਾਸਟਰਨੀ ਬਣਾਵਾਂਗਾ। ਇਹ ਗੱਲ ਮੇਰੇ ਪਿਤਾ ਨੇ ਮੈਨੂੰ ਮੇਰੇ ਨੌਕਰੀ ਲੱਗਣ ਵੇਲੇ ਦੱਸੀ ਸੀ।

ਮੈਨੂੰ ਮੇਰੇ ਪਿਤਾ ਨੇ ਗੁਰਮੀਤ ਵੀਰੇ ਦੇ ਨਾਲ ਹੀ ਪਿੰਡ ਵਾਲੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਲਈ ਪਾ ਦਿੱਤਾ।ਪਿਤਾ ਪਤਾ ਨਹੀਂ ਕਿਵੇਂ,ਕਿਥੋਂ ਕਿਤਾਬਾਂ, ਕੱਪੜੇ ਅਤੇ ਫੀਸਾਂ ਮੰਗ ਕੇ ਲਿਆਉਂਦਾ ਪਰ ਮੈਨੂੰ ਕਦੇ ਵੀ ਕਮੀ ਮਹਿਸੂਸ ਨਾ ਹੋਣ ਦਿੰਦਾ ਕਿਉਂਕਿ ਉਦੋਂ ਹੁਣ ਵਾਂਗ ਸਕੂਲਾਂ ਦੀ ਫੀਸ ਮੁਆਫ ਨਹੀਂ ਸੀ ਹੁੰਦੀ ਤੇ ਨਾ ਹੀ ਹੁਣ ਵਾਲੀਆਂ ਮੁਫ਼ਤ ਦੀਆਂ ਸਹੂਲਤਾਂ ਮਿਲਦੀਆਂ ਸਨ। ਪੰਜਵੀਂ ਕਲਾਸ ਵਿਚੋਂ ਮੈਂ ਪੂਰੇ



ਸੈਂਟਰ ਵਿਚੋਂ ਫਸਟ ਆਈ ਸੀ।ਛੇਵੀਂ ਕਲਾਸ ਤੋਂ ਲੈ ਕੇ ਮੈਂ ਗਰੈਜੂਏਸ਼ਨ ਤਕ ਸਕਾਲਰਸ਼ਿਪ ਲੈਂਦੀ ਰਹੀ ਜਿਸ ਨਾਲ ਮੇਰੀ ਅਤੇ ਮੇਰੇ ਪਰਿਵਾਰ ਦੀ ਪੂਰੇ ਇਲਾਕੇ ਵਿਚ ਪਛਾਣ ਬਣ ਗਈ ਸੀ।

ਮੈਂ ਆਖਰੀ ਸਾਹ ਤੱਕ ਪ੍ਰੋਫੈਸਰ ਦੀਨ ਦਿਆਲ ਜੀ ਦਾ ਦੇਣ ਨਹੀਂ ਦੇ ਸਕਦੀ ਜਿਨ੍ਹਾਂ ਨੇ ਮੇਰਾ ਸਾਰਾ ਖਰਚਾ ਚੁੱਕ ਕੇ ਮੈਨੂੰ ਯੂਨੀਵਰਸਿਟੀ ਵਿਚ ਦਾਖ਼ਲ ਕਰਵਾਇਆ ਸੀ ਉਹ ਕਹਿੰਦੇ ਹੁੰਦੇ ਸਨ, ਪਤਾ ਨਹੀਂ, ਮੈਂ ਗਲਤ ਹਾਂ ਜਾਂ ਸਹੀ ਕਿ ਮੈਂ ਜੀਵਨ ਵਿਚ ਕਦੇ ਕਿਸੇ ਮੰਗਤੇ ਨੂੰ ਪੈਸਾ ਨਹੀਂ ਦਿੱਤਾ ਪਰ ਕਿਸੇ ਵੱਲੋਂ ਪੜ੍ਹਨ ਲਈ ਪੈਸੇ ਮੰਗਣ ’ਤੇ ਮੈਂ ਕਦੇ ਜੇਬ ਵਿਚ ਕੁਝ ਬਕਾਇਆ ਨਹੀਂ ਰੱਖਿਆ।

ਮੈਂ ਯੂਨੀਵਰਸਿਟੀ ਤੋਂ ਐਮ ਏ ਹਿਸਟਰੀ ਕਰਕੇ ਬਾਹਰ ਨਿਕਲਦਿਆਂ ਹੀ ਮੈਂ ਬੀ ਐਡ ਦਾ ਦਾਖਲਾ ਲੈ ਲਿਆ ਕਿਉਂਕਿ ਹੁਣ ਮੇਰੇ ਸਿਰ ’ਤੇ ਪ੍ਰੋਫੈਸਰ ਦੀਨ ਦਿਆਲ ਜੀ ਦਾ ਪਿਤਾ ਵਾਂਗ ਹੱਥ ਸੀ। ਉਹ ਹੀ ਮੇਰੀ ਹਰ ਜ਼ਰੂਰਤ ਪੂਰੀ ਕਰਦੇ ਸਨ। ਉਹ ਮੇਰੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ।ਉਹ ਅਕਸਰ ਆਖਦੇ ਹੁੰਦੇ ਸਨ, ਜਦੋਂ ਹੱਥੀਂ ਲਾਇਆ ਬੂਟਾ ਵੱਧਦਾ ਫੁੱਲਦਾ ਹੈ ਤਾਂ ਜਿਹੜੀ ਖੁਸ਼ੀ ਉਸ ਵੇਲੇ ਮਾਲੀ ਨੂੰ ਹੁੰਦੀ ਹੈ ਉਸਨੂੰ ਕਦੇ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਪਤਾ ਹੀ ਨਾ ਲੱਗਾ ਕਿ ਮੈਂ ਕਦੋਂ ਬੀ ਐਡ ਕਰਕੇ ਆਪਣੇ ਹੀ ਪੜ੍ਹਾਈ ਵਾਲੇ ਪ੍ਰਾਇਮਰੀ ਸਕੂਲ ਜੋ ਹੁਣ ਸਰਕਾਰੀ ਹਾਈ ਸਕੂਲ ਬਣ ਚੁਕਾ ਸੀ ਵਿਚ ਆ ਕੇ ਬਤੌਰ ਸਮਾਜਿਕ ਸਿੱਖਿਆ ਅਧਿਆਪਕਾ ਜੁਆਇਨ ਕਰ ਲਿਆ।

ਮੇਰੇ ਘਰ ਵਿਚ ਮੇਰੇ ਮਾਂ-ਬਾਪ ਨੂੰ ਵਧਾਈਆਂ ਦੇਣ ਵਾਲਿਆਂ ਦੀ ਭੀੜ ਲੱਗ ਗਈ ਸੀ ਹਰ ਕੋਈ ਮੇਰੇ ’ਤੇ ਮਾਣ ਕਰ ਰਿਹਾ ਸੀ।ਮੈਂ ਆਪਣੇ ਪਿਤਾ ਜੀ ਨੂੰ ਨਾਲ ਲੈ ਕੇ ਆਪਣੇ ਰਹਿਬਰ ਮਰਹੂਮ ਪ੍ਰੋਫੈਸਰ ਦੀਨ ਦਿਆਲ ਜੀ ਦੀ ਬਣੀ ਯਾਦਗਾਰ,ਜਿਥੇ ਉਨ੍ਹਾਂ ਦਾ ਆਦਮ ਕੱਦ ਬੁੱਤ ਲੱਗਾ ਹੋਇਆ ਸੀ ’ਤੇ ਜਾ ਕੇ ਸੀਸ ਝੁਕਾਇਆ ਤੇ ਦਿਲੋਂ ਪ੍ਰਣਾਮ ਕੀਤਾ। ਮੇਰੇ ਮਨ ਵਿਚ ਅੱਜ ਇਸ ਗੱਲ ਦਾ ਬਹੁਤ ਮਲਾਲ ਆਇਆ ਕਿ ਕਾਸ਼ ! ਅੱਜ ਪ੍ਰੋਫੈਸਰ ਸਾਹਿਬ ਜਿਉਂਦੇ ਹੁੰਦੇ ਤੇ ਹੱਥੀਂ ਲਾਇਆ ਬੂਟਾ ਫਲਿਆ ਹੋਇਆ ਵੇਖ ਕੇ ਅੱਜ ਉਨ੍ਹਾਂ ਮੇਰੀ ਪ੍ਰਾਪਤੀ ਵੇਖ ਕੇ ਬਹੁਤ ਖੁਸ਼ ਹੋਣਾ ਸੀ।

ਸਮਾਂ ਆਪਣੀ ਚਾਲੇ ਚੱਲਦਾ ਰਿਹਾ ਵੱਡੀਆਂ ਭੈਣਾਂ ਆਪਣੀ ਯੋਗਤਾ ਅਨੁਸਾਰ ਵਿਆਹੀਆਂ ਗਈਆਂ।

ਹੁਣ ਮੈਂ ਆਪਣੇ ਮਾਤਾ-ਪਿਤਾ ਦਾ ਬਾਹਰ ਜਾ ਕੇ ਕੰਮ ਕਰਨਾ ਬੰਦ ਕਰਵਾ ਦਿੱਤਾ ਸੀ।ਮੈਂ ਆਪਣੇ ਪਿਤਾ ਨੂੰ ਚਿੱਟੇ ਰੰਗ ਦਾ ਕੁੜਤਾ-ਪਜਾਮਾ ਸਿਲਵਾ ਕੇ ਦਿੱਤਾ ਜਿਸਨੂੰ ਕਦੇ ਮੇਰਾ ਪਿਤਾ ਆਪਣੇ ਸਰਦਾਰ ਦੇ ਪਾਇਆ ਵੇਖ ਕਿੰਨੀ ਦੇਰ ਤੱਕ ਵੇਖਦਾ ਹੀ ਰਹਿੰਦਾ ਸੀ।ਹੁਣ ਮੈਂ ਆਪਣੇ ਪਿਤਾ ਨੂੰ ਸਿਰ ਉੱਤੇ ਪਰਨਾ ਨਹੀਂ ਪੱਗ ਬਨ੍ਹਾਉਂਦੀ ਸੀ ਅਤੇ ਮਾਂ ਨੂੰ

ਸੋਹਣਾ ਸੂਟ ਪਹਿਨਣ ਨੂੰ ਤੇ ਸਿਰ 'ਤੇ ਨਵੀਂ ਚੁੰਨੀ ਲੈਣ ਨੂੰ ਆਖਦੀ ਜੋ ਮੇਰੀ ਮਾਂ ਨੂੰ ਸਿਰਫ਼ ਆਪਣੇ ਵਿਆਹ ਵੇਲੇ ਹੀ ਨਸੀਬ ਹੋਈ ਸੀ ।ਮੇਰੀ ਮਾਂ ਨੇ ਮੇਰੀ ਹੋਸ਼ ਵਿਚ ਹਮੇਸ਼ਾਂ ਟਾਕੀਆਂ ਲੱਗੇ ਹੋਏ ਸੂਟ ਹੀ ਹੰਢਾਏ ਸਨ ਤੇ ਸਿਰ 'ਤੇ ਸਦਾ ਮੈਲੀ-ਕੁਚੈਲੀ ਤੇ ਅੱਧ-ਪਾਟੀ ਜਿਹੀ ਚੁੰਨੀ ਹੀ ਲਈ ਸੀ।

ਮੈਨੂੰ ਅੱਜ ਉਹ ਘਟਨਾ ਵੀ ਯਾਦ ਆ ਰਹੀ ਸੀ ਜਦੋਂ ਮੈਂ ਪੰਜਵੀਂ ਪਾਸ ਕਰਕੇ ਛੇਵੀਂ ਕਲਾਸ ਵਿਚ ਦਾਖਲਾ ਲੈਣ ਲਈ ਪਿੰਡੋਂ ਹਟਵੇਂ ਪੈਂਦੇ ਕਸਬੇ ਵਿਚ ਸਰਕਾਰੀ ਹਾਈ ਸਕੂਲ ਵਿਚ ਆਪਣੇ ਪਿਤਾ ਜੀ ਨਾਲ ਨੰਗੇ ਪੈਰੀਂ ਹੀ ਸਕੂਲ ਗਈ ਸੀ ਤਾਂ ਕਲਾਸ ਦੇ ਸਾਰੇ ਵਿਦਿਆਰਥੀਆਂ ਨੇ ਮੇਰਾ ਬੜਾ ਮਜ਼ਾਕ ਉਡਾਇਆ ਸੀ।ਮੇਰੇ ਪਿਤਾ ਜੀ ਲਾਚਾਰ ਜਿਹੇ ਹੋਏ ਮੈਨੂੰ ਕਲਾਵੇ ਵਿਚ ਲੈ ਕੇ ਬੇਵਸੀ ਦੇ ਹੰਝੂ ਕੇਰਦੇ ਹੋਏ ਵਾਪਿਸ ਮੁੜੇ ਸਨ ਤੇ ਮੈਂ ਕਿਸ ਤਰ੍ਹਾਂ ਆਪਣੇ ਪਿਤਾ ਦੀ ਉਂਗਲੀ ਘੁੱਟ ਕੇ ਫੜ੍ਹੀ ਹੋਈ ਸੀ।

ਮੈਂ ਆਪਣੇ ਮਾਂ-ਪਿਉ ਦੀਆਂ ਰੀਝਾਂ ਪੁਗਾਉਣ ਦਾ ਸਿਲਸਿਲਾ ਸ਼ੁਰੂ ਹੀ ਕੀਤਾ ਸੀ ਕਿ ਪ੍ਰਮਾਤਮਾ ਨੇ ਮੇਰੇ ਕੋਲੋਂ ਮੇਰੀ ਜ਼ਿੰਦਗੀ ਦੇ ਦੋਵੇਂ ਕੋਹੇਨੂਰ ਥੋੜ੍ਹੇ-ਥੋੜ੍ਹੇ ਵਕਫ਼ੇ ਨਾਲ ਧਰੂਹ ਲਏ।ਮੇਰੀ ਜ਼ਿੰਦਗੀ ਬੇ-ਰੰਗ ਹੋ ਗਈ ਮੈਂ ਉਦਾਸ ਰਹਿਣ ਲੱਗ ਪਈ ਮੈਂ ਜ਼ਿਆਦਾ ਸਮਾਂ ਕਿਤਾਬਾਂ ਨਾਲ ਹੀ ਬਿਤਾਉਂਦੀ।ਕਦੇ-ਕਦੇ ਜ਼ਿੰਦਗੀ ਬੇਜ਼ਾਨ ਜਿਹੀ ਲੱਗਦੀ।

ਮੇਰੀਆਂ ਵੱਡੀਆਂ ਭੈਣਾਂ ਬੇਸ਼ੱਕ ਅਨਪੜ੍ਹ ਸਨ ਪਰ ਜ਼ਿੰਦਗੀ ਜਿਊਣ ਲਈ ਮੇਰੀ ਉਮੀਦ ਸਨ।ਮੇਰੇ ਆਚਰਣ ਨੂੰ ਨਿਖਾਰਨ ਵਿਚ ਮੇਰੇ ਰਹਿਬਰ ਵਾਂਗ ਸਨ।ਮੈਨੂੰ ਉਨ੍ਹਾਂ ਨੇ ਆਪਣਾ ਘਰ ਆਪ ਵਸਾਉਣ ਦਾ ਅਖਤਿਆਰ ਦੇ ਦਿੱਤਾ ਸੀ। ਉਹ ਮੈਨੂੰ ਅਕਸਰ ਕਹਿੰਦੀਆਂ, ਕਿਰਨ, ਜੀਵਨ ਦੀਆਂ ਔਕੜਾਂ ਉਮਰ ਦੇ ਪੜਾਅ ਦਰ ਪੜਾਅ ਵਧਦੀਆਂ ਹਨ ਇਕ ਔਰਤ ਨੂੰ ਜੀਵਨ ਵਿਚ ਮਰਦ ਦੀ ਲੋੜ ਹੁੰਦੀ ਹੈ ਇਸ ਰਿਸ਼ਤੇ ਨੂੰ ਸਾਡੇ ਗੁਰੂਆਂ ਪੀਰਾਂ ਵੀ ਇਸੇ ਲਈ ਹੀ ਮਾਨਤਾ ਦਿੱਤੀ ਹੋਈ ਹੈ।ਮੈਂ ਆਪਣੀਆਂ ਭੈਣਾਂ ਦੇ ਫੈਸਲੇ ਅੱਗੇ ਸਿਰ ਝੁਕਾਉਂਦਿਆਂ ਵਿਆਹ ਕਰਾਉਣ ਦਾ ਮਨ ਬਣਾ ਲਿਆ।ਜਿਸ 'ਤੇ ਚਲਦਿਆਂ ਮੇਰੇ ਜੀਵਨ ਵਿਚ ਪਤੀ ਪ੍ਰਭਜੋਤ ਦਾ ਆਉਂਣਾ ਹੁੰਦਾ ਹੈ। ਪ੍ਰਭਜੋਤ ਵੀ ਸਰਕਾਰੀ ਹਾਈ ਸਕੂਲ ਵਿਚ ਬਤੌਰ ਸਾਇੰਸ ਅਧਿਆਪਕ ਸਨ। ਉਹ ਇਕ ਚੰਗੇ-ਭਲੇ ਪਰਿਵਾਰ ਵਿਚੋਂ ਜ਼ਮੀਨ ਨਾਲ ਜੁੜੇ ਹੋਏ ਇਨਸਾਨ ਸਨ।ਉਸ ਵਾਹਿਗੁਰੂ ਦੀ ਕ੍ਰਿਪਾ ਸਦਕਾ ਪ੍ਰਭਜੋਤ ਦਾ ਸਾਥ ਮਿਲਣ ਨਾਲ ਮੇਰੀ ਜ਼ਿੰਦਗੀ ਦਾ ਟੀਚਾ ਹੋਰ ਵੀ ਸੁਖਾਲਾ ਹੋ ਗਿਆ ਸੀ।ਉਹ ਜਿਵੇਂ ਮੇਰੇ ਹਰ ਸੰਘਰਸ਼ ਅਤੇ ਟੀਚੇ ਤੋਂ ਵਾਕਫ਼ ਹੋਣ। ਉਨ੍ਹਾਂ ਨੇ ਮੈਨੂੰ ਕਦੇ ਵੀ ਇਸ ਗੱਲ ਦਾ ਅਹਿਸਾਸ ਨਹੀਂ ਹੋਣ ਦਿੱਤਾ ਕਿ ਮੈਂ ਇਕ ਬਹੁਤ ਹੀ ਗ਼ਰੀਬ ਅਤੇ ਅਨਪੜ੍ਹ ਪਰਿਵਾਰ ਨਾਲ ਸਬੰਧਤ ਔਰਤ ਹਾਂ ਅਤੇ ਮੇਰੇ ਵੱਲੋਂ ਕੀਤੇ ਜਾਂਦੇ ਕਾਰਜ ਜਿਸ ਵਿਚ ਮੈਂ ਆਪਣੇ ਇਲਾਕੇ ਦੇ ਸਰਕਾਰੀ ਸਕੂਲਾਂ ਅਤੇ ਘਰਾਂ ਵਿਚ ਜਾ ਕੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ, ਕਾਪੀਆਂ ਅਤੇ ਹੋਰ ਜ਼ਰੂਰਤ ਅਨੁਸਾਰ ਸਮਾਨ ਮੁਹੱਈਆ ਕਰਵਾਉਂਦੀ



ਸੀ,ਵਿਚ ਕਦੇ ਵੀ ਰੁਕਾਵਟ ਨਹੀਂ ਪਾਈ ਸਗੋਂ ਮੈਨੂੰ ਆਪਣੀ ਤਨਖਾਹ ਵਿਚੋਂ ਵੀ ਕੁਝ ਪੈਸੇ ਇਸ ਨੇਕ ਕਾਰਜ ਲਈ ਦਿੰਦੇ ਸਨ।ਮੈਨੂੰ ਇਸ ਕਾਰਜ ਵਿਚ ਬਹੁਤ ਸਕੂਨ ਮਿਲਦਾ ਮੈਂ।ਪ੍ਰੋਫੈਸਰ ਦੀਨ ਦਿਆਲ ਜੀ ਵੱਲੋਂ ਪਾਏ ਪੂਰਨਿਆਂ 'ਤੇ ਚੱਲ ਕੇ ਉਨ੍ਹਾਂ ਨੂੰ ਇਕ ਸੱਚੀ ਸ਼ਰਧਾਂਜਲੀ ਦੇਣ ਵਾਂਗ ਮਹਿਸੂਸ ਕਰਦੀ। ਇਸ ਸਮੇਂ ਦੌਰਾਨ ਹੀ ਮੇਰੇ ਘਰ ਵਿਚ ਕਿਲਕਾਰੀਆਂ ਗੂੰਜੀਆਂ ਮੇਰੇ ਘਰ ਵਿਚ ਸ਼ੀਰਤ ਅਤੇ ਸ਼ਹਿਬਾਜ਼ ਦਾ ਜਨਮ ਹੋਇਆ। ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ ਸਕੂਲ ਦੀ ਪੜ੍ਹਾਈ ਤੇ ਉਚੇਰੀ ਵਿਦਿਆ ਲਈ ਦੋਹਾਂ ਬੱਚਿਆਂ ਦਾ ਆਸਟਰੇਲੀਆ ਲਈ ਭੇਜਣਾ ਤੇ ਹੋਰ ਕਿੰਨ੍ਹਾ ਕੁਝ ਜੀਵਨ ਗੁਜ਼ਾਰਦਿਆਂ ਕੀਤਾ।ਅੱਜ ਜਦੋਂ ਮੈਂ ਪਿੱਛੇ ਮੁੜ ਕੇ ਆਪਣੇ ਜੀਵਨ 'ਤੇ ਝਾਤ ਮਾਰਦੀ ਹਾਂ ਤੇ ਮੇਰੇ ਪੈਰਾਂ ਦੀਆਂ ਪੈੜਾਂ 'ਤੇ ਨਿੱਕੇ-ਨਿੱਕੇ ਕਿੰਨੇ ਹੀ ਪੈਰ ਚੱਲਦੇ ਨਜ਼ਰ ਪੈ ਰਹੇ ਹਨ।ਮੇਰੇ ਬੱਚੇ ਵੀ ਮੇਰੀ ਸੋਚ ਦੇ ਹੀ ਧਾਰਨੀ ਹਨ ਉਹ ਕਦੇ ਵੀ ਆਪਣੇ 'ਤੇ ਖਰਚ ਕਰਨ ਦੀ ਬਜਾਏ ਕਿਸੇ ਗਰੀਬ ਇਨਸਾਨ ਦੇ ਮੂੰਹ ਵਿਚ ਬੁਰਕੀ ਪਾਉਣ ਨੂੰ ਤਰਜੀਹ ਦਿੰਦੇ ਹਨ।

ਉਚੇਰੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਆਪਣੀ ਮਾਂ ਵੱਲੋਂ ਵਿਦੇਸ਼ੋਂ ਪਰਤੇ ਆਪਣੇ ਦੋਹਾਂ ਬੱਚਿਆਂ ਦੀ ਖੁਸ਼ੀ ਵਿਚ ਅਕਾਲ ਪੁਰਖ਼ ਦੇ ਸ਼ੁਕਰਾਨੇ ਵਜੋਂ ਰੱਖੇ ਅਖੰਡਪਾਠ ਦੇ ਭੋਗ ਵਿਚ ਸ਼ਾਮਿਲ ਹੋਈ ਸ਼ੀਰਤ ਨੇ ਆਪਣੀ ਮਾਂ ਦੁਆਰਾ ਹੱਥੀਂ ਲਿਖੀ ਜੀਵਨ ਗਾਥਾ ਦੀਆਂ ਆਪਣੀ ਮਾਂ ਤੋਂ ਛੁਪਾ ਕੇ ਕਰਵਾਈਆਂ ਫੋਟੋ ਸਟੇਟ ਕਾਪੀਆਂ ਭੋਗ 'ਤੇ ਆਏ ਰਿਸ਼ਤੇਦਾਰਾਂ ਸਾਕ-ਸਬੰਧੀਆਂ ਤੇ ਹੋਣਹਾਰ ਬੱਚਿਆਂ ਨੂੰ ਵੰਡੀਆਂ ਤਾਂ ਹਰ ਕੋਈ ਕਿਰਨ ਦੀ ਜੀਵਨ ਗਾਥਾ ਪੜ੍ਹ-ਸੁਣ ਕਿਰਨ ਨੂੰ ਇਕ ਸਾਹਸੀ ਅਤੇ ਮਿਸਾਲੀ ਔਰਤ ਵਜੋਂ ਆਦਰ-ਸਤਿਕਾਰ ਦੇ ਰਿਹਾ ਸੀ। ਵੱਖ-ਵੱਖ ਵਿਭਾਗਾਂ ਵਿਚੋਂ ਕੁਝ ਰਿਟਾਇਰਡ ਮਰਦ ਅਤੇ ਔਰਤਾਂ ਵੀ ਕਿਰਨ ਵੱਲੋਂ ਚਲਾਈ ਜਾ ਰਹੀ ਇਸ ਸਾਡਾ ਸਭ ਦਾ ਮਿਸ਼ਨ ਇਹ ਸਾਂਝਾ ਵਿਦਿਆ ਤੋਂ ਕੋਈ ਰਹੇ ਨਾ ਵਾਂਝਾ÷ ਸੰਸਥਾ ਦੇ ਮੈਂਬਰ ਬਣ ਰਹੇ ਸਨ।ਓਧਰ ਕਿਰਨ ਦੀ ਸੰਗਮਰਮਰ ਲੱਗੇ ਘਰ ਵਿਚ ਬੈਂਤ ਦੀ ਗੋਲ ਕੁਰਸੀ 'ਤੇ ਬੈਠੀ ਹੋਈ ਦੀ ਸੁਨਹਿਰੀ ਫਰੇਮ ਵਾਲੀਆਂ ਨਜ਼ਰ ਦੀਆਂ ਐਨਕਾਂ ਵਿਚੋਂ ਵਹਿੰਦੇ ਹੰਝੂਆਂ ਦੀ ਧਾਰਾ ਹੋਰ ਤੇਜ਼ ਹੋ ਗਈ ਜਦੋਂ ਸ਼ੀਰਤ ਨੇ ਆਪਣੀ ਮਾਂ ਨੂੰ ਕਲਾਵੇ ਵਿਚ ਲੈਂਦਿਆਂ ਆਪਣਾ ਇਹ ਫੈਸਲਾ ਸੁਣਾਇਆ ਸੀ, ਮਾਂ, ਮੈਂ ਹੁਣ ਆਸਟਰੇਲੀਆ ਵਾਪਿਸ ਨਹੀਂ ਜਾਵਾਂਗੀ ਸਗੋਂ ਇਥੇ ਰਹਿ ਕੇ ਆਪਣੀ ਮਾਂ ਦੀਆਂ ਪਾਈਆਂ ਪੈੜਾਂ ਉੱਤੇ ਚੱਲ ਕੇ ਸਤਿਕਾਰਿਤ ਮਰਹੂਮ ਪ੍ਰੋਫੈਸਰ ਦੀਨ ਦਿਆਲ ਜੀ ਦੀ ਸੋਚ 'ਤੇ ਪਹਿਰਾ ਦੇਵਾਂਗੀ ਅਤੇ ਗਰੀਬੀ ਦੇ ਬੱਦਲਾਂ ਹੇਠ ਛੁਪ ਰਹੇ ਸੂਰਜ ਅਤੇ ਕਿਰਨਾਂ ਨੂੰ ਇਕ ਨਵਾਂ ਆਕਾਸ਼ ਦੇਵਾਂਗੀ।

**787/10 ਪ੍ਰੇਮ ਨਗਰ, ਹਰਦੋਛੰਨੀ ਰੋਡ ਗੁਰਦਾਸਪੁਰ**

**ਫੋਨ 9988811681**

◆◆◆

# ਥੰਮ੍ਹੀਆਂ

**ਤਰਸੇਮ ਭੰਗੂ**

ਅਪ੍ਰੈਲ ਦਾ ਪੂਰਾ ਮਹੀਨਾ ਬੀਤਣ 'ਤੇ ਵੀ ਗਰਮੀ ਨੇ ਹਾਲੇ ਜ਼ੋਰ ਨਹੀਂ ਸੀ ਫੜਿਆ। ਅਚਾਨਕ ਹਰਮੇਸ਼ ਦੀ ਬਦਲੀ ਇਕ ਸਾਲ ਵਾਸਤੇ ਡੈਪੂਟੇਸ਼ਨ 'ਤੇ ਜ਼ਿਲ੍ਹਾ ਮੋਗਾ ਬਲਾਕ ਦੋ ਦੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਦਫਤਰ ਵਿਚ ਹੋ ਗਈ। ਉਹ ਬਤੌਰ ਡਰਾਈਵਰ ਇਥੇ ਆਇਆ ਸੀ । ਇਸ ਤੋਂ ਪਹਿਲਾਂ ਉਹ ਰਣਜੀਤ ਸਾਗਰ ਡੈਮ ਪ੍ਰੋਜੈਕਟ 'ਤੇ ਡਿਊਟੀ ਕਰਦਾ ਸੀ । ਉਥੇ ਪ੍ਰੋਜੈਕਟ ਦਾ ਕੰਮ ਪੂਰਾ ਹੋਣ ਕਰਕੇ ਸਰਕਾਰ ਨੇ ਵਾਧੂ ਕਰਮਚਾਰੀ ਪੰਜਾਬ ਦੇ ਦੂਜੇ ਮਹਿਕਮਿਆਂ ਵਿਚ ਵੀ ਭੇਜ ਦਿੱਤੇ ਸਨ। ਛੇ-ਸੱਤ ਮੁਲਾਜ਼ਮ ਅਤੇ ਇਕ ਅਫਸਰ ਵਾਲੇ ਦਫ਼ਤਰ ਵਿਚ ਡਿਊਟੀ ਕਰਨਾ ਉਸ ਲਈ ਇਕ ਨਵਾਂ ਤਜ਼ਰਬਾ ਸੀ। ਪਠਾਨਕੋਟ ਦਾ ਵਾਸੀ ਹੋਣ ਕਰਕੇ ਉਸਨੂੰ ਰਿਹਾਇਸ਼ ਦੀ ਮੁਸ਼ਕਿਲ ਆਉਣੀ ਵੀ ਕੁਦਰਤੀ ਸੀ। ਹਰਮੇਸ਼ ਨੂੰ ਡਰਾਈਵਰੀ ਦੇ ਨਾਲ-ਨਾਲ ਸਾਹਿਤ ਪੜ੍ਹਨ ਦਾ ਵੀ ਸ਼ੌਕ ਸੀ ਤੇ ਉਹ ਕਦੀ-ਕਦੀ ਕੋਈ ਲੇਖ ਜਾਂ ਕਵਿਤਾ ਵੀ ਲਿਖ ਕੇ ਅਖਬਾਰ ਨੂੰ ਭੇਜ ਦਿਆ ਕਰਦਾ ਸੀ।

ਸਰਕਾਰ ਵੱਲੋਂ ਕੀਤੀਆਂ ਬਦਲੀਆਂ ਕਰਕੇ ਅਫਸਰ ਮੈਡਮ ਨੇ ਵੀ ਚੰਡੀਗੜ੍ਹ ਤੋਂ ਬਦਲ ਕੇ ਇਕ ਦੋ ਦਿਨ ਪਹਿਲਾਂ ਹੀ ਇਸ ਦਫਤਰ ਵਿਚ ਹਾਜ਼ਰੀ ਦਿੱਤੀ ਸੀ। ਦਫਤਰ ਵਿਚ ਗੱਡੀ ਹੈ ਸੀ ਪਰ ਪਹਿਲਾ ਡਰਾਈਵਰ ਬਦਲੀ ਕਰਵਾ ਕੇ ਆਪਣੇ ਘਰ ਦੇ ਨੇੜੇ ਚਲਾ ਗਿਆ ਸੀ। ਹਰਮੇਸ਼ ਦੇ ਆਰਡਰ ਵੇਖ ਕੇ ਦਫਤਰ ਦਾ ਕਲਰਕ ਸੁਰਜੀਤ ਸਿੰਘ ਬਹੁਤ ਖੁਸ਼ ਹੋਇਆ ਕਿਉਂਕਿ ਆਪਣੇ ਕੰਮ-ਕਾਜ ਤੋਂ ਇਲਾਵਾ ਉਸਨੂੰ ਗੱਡੀ ਵੀ ਚਲਾਉਣੀ ਪੈਂਦੀ ਸੀ। ਮੈਡਮ ਅਤੇ ਹਰਮੇਸ਼ ਤੋਂ ਇਲਾਵਾ ਬਾਕੀ ਸਾਰਾ ਸਟਾਫ਼ ਜ਼ਿਆਦਾਤਰ ਔਰਤਾਂ ਕਰਮਚਾਰੀ ਲੋਕਲ ਸਨ। ਇਕ ਮੇਲੋ ਨਾਂ ਦੀ ਔਰਤ ਵੀ ਪਾਰਟ ਟਾਈਮ ਸਫਾਈ ਸੇਵਕਾ ਦੇ ਤੌਰ 'ਤੇ ਕੰਮ ਕਰਦੀ ਸੀ। ਮੇਲੋ ਦਫਤਰ ਤੋਂ ਇਲਾਵਾ ਲੋਕਾਂ ਦੇ ਘਰਾਂ ਵਿੱਚ ਵੀ ਕੰਮ ਕਰਦੀ ਸੀ। ਉਹ ਆਪਣੇ ਨਾਂ ਅਨੁਸਾਰ ਬਹੁਤ ਹੀ ਹਸਮੁੱਖ ਸੁਭਾਅ ਦੀ ਤੀਵੀਂ ਸੀ। ਪਹਿਲੇ ਦਿਨ ਹੀ ਮੈਡਮ ਨੇ  ਕਿਹਾ, ਹਰਮੇਸ਼ ਸਿੰਘ ਜੀ, ਤੁਸੀਂ ਵੀ ਮੇਰੇ ਵਾਂਗ ਦੂਰ ਤੋਂ ਹੋ, ਮੈਂ ਛੁੱਟੀ ਲੈ ਕੇ ਜਾ ਰਹੀ ਹਾਂ, ਤੁਸੀਂ ਵੀ ਅਗਲੇ ਮੰਗਲਵਾਰ ਤੱਕ ਛੁੱਟੀ ਕੱਟ ਕੇ ਗਿਆਰਾਂ ਵਜੇ ਤੱਕ ਆ ਜਾਣਾ ਫਿਰ ਵੇਖਾਂਗੇ। ਹਰਮੇਸ਼ ਦੀ ਹਾਜ਼ਰੀ ਪੈ ਗਈ ਤੇ ਮਾੜੀ ਮੋਟੀ ਜਾਣ-ਪਛਾਣ ਕਰਨ ਤੋਂ ਬਾਅਦ ਉਹ ਛੁੱਟੀ ਦੀ ਅਰਜ਼ੀ ਦੇ ਕੇ ਵਾਪਸ ਆ ਗਿਆ। ਪੂਰੇ ਸੱਤ ਦਿਨਾਂ ਬਾਅਦ ਉਹ ਟਾਈਮ ਸਿਰ ਦਫ਼ਤਰ ਹਾਜ਼ਰ ਹੋ ਗਿਆ। ਕਲਰਕ ਸੁਰਜੀਤ ਸਿੰਘ ਨੇ ਹਾਜ਼ਰੀ ਰਜਿਸਟਰ ਅੱਗੇ ਕਰਦਿਆਂ ਕਿਹਾ, ਭਾਅ ਜੀ ਹਾਜ਼ਰੀਆਂ ਲਾ ਲਓ। ਉਹ ਦਫਤਰੀ ਵਿਹਾਰ ਤੋਂ ਹੈਰਾਨ ਵੀ ਹੋਇਆ ਤੇ ਖੁਸ਼ ਵੀ ਕਿਉਂਕਿ ਕਲਰਕ ਨੇ ਉਸਦੀ ਛੁੱਟੀਆਂ ਵਾਲੀ ਅਰਜ਼ੀ ਦਰਾਜ ਵਿੱਚੋਂ ਕੱਢ ਕੇ ਪਾੜ ਦਿੱਤੀ ਸੀ। ਹਰਮੇਸ਼ ਦੀਆਂ



ਛੁੱਟੀਆਂ ਬਚ ਗਈਆਂ ਸਨ ਪਰ ਡੈਮ ਉਤੇ ਇੰਜ ਨਹੀਂ ਸੀ ਹੁੰਦਾ। ਛੁੱਟੀਆਂ ਦੇ ਦੌਰਾਨ ਕਲਰਕ ਸੁਰਜੀਤ ਜ਼ਰੀਏ ਮੈਡਮ ਨੇ ਰਿਹਾਇਸ਼ ਦਾ ਪ੍ਰਬੰਧ ਕਰ ਲਿਆ ਸੀ ਅਤੇ ਆਪਣੇ ਬੱਚੇ ਵੀ ਮੋਗੇ ਪੜ੍ਹਨ ਲਾ ਦਿੱਤੇ ਸਨ। ਮੈਡਮ ਦਾ ਵੱਡਾ ਬੇਟਾ ਪਲੱਸ ਵਨ ਅਤੇ ਛੋਟਾ ਤੀਸਰੀ ਜਮਾਤ ਵਿਚ ਸੀ।

ਹਰਮੇਸ਼ ਦੀ ਕਿਸਮਤ ਨੂੰ ਦਫ਼ਤਰ ਇਕ ਘਰ ਵਿਚ ਕਿਰਾਏ 'ਤੇ ਸੀ। ਕਲਰਕ ਸੁਰਜੀਤ ਨੇ ਹੀ ਦੱਸਿਆ ਕਿ ਮੈਡਮ ਨੇ ਤੁਹਾਨੂੰ ਦਫ਼ਤਰ ਵਿਚ ਹੀ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਉਸਦੀ ਰਿਹਾਇਸ਼ ਦਾ ਮਸਲਾ ਵੀ  ਹੱਲ ਹੋ ਗਿਆ ਤੇ ਕਿਰਾਏ ਦੀ ਬੱਚਤ ਵੀ ਹੋ ਗਈ। ਦਫ਼ਤਰ ਦਾ ਸਟਾਫ਼ ਐਨਾ ਚੰਗਾ ਸੀ ਕਿ ਸਵੇਰ ਦੇ ਨਾਸ਼ਤੇ ਤੋਂ ਇਲਾਵਾ ਦੁਪਹਿਰ ਦਾ ਖਾਣਾ ਵੀ ਹਰਮੇਸ਼ ਨੂੰ ਹੋਟਲ ਤੋਂ ਨਾ ਖਾਣ ਦਿੰਦੇ। ਸਾਰਾ ਸਟਾਫ਼ ਇਕੱਠੇ ਬੈਠ ਕੇ ਰੋਟੀ ਖਾਂਦਾ। ਰਾਤ ਦੀ ਰੋਟੀ ਉਹ ਹੋਟਲ ਤੋਂ ਖਾ ਲੈਂਦਾ। ਸਵੇਰ ਦੀ ਚਾਹ ਵਾਸਤੇ ਵੀ ਦਫਤਰ ਦੀ ਚਾਹ ਦੇ ਖਾਤੇ ਵਾਲੇ ਨੂੰ ਸੁਰਜੀਤ ਸਿੰਘ ਨੇ ਪਹਿਲਾਂ ਹੀ ਆਖ ਦਿੱਤਾ ਸੀ। ਮੇਲੋ ਸਵੇਰੇ-ਸਵੇਰੇ ਆ ਕੇ ਝਾੜੂ ਪੋਚਾ ਲਾ ਜਾਂਦੀ। ਸਵੇਰੇ ਆ ਕੇ 'ਬਾਈ ਜੀ' ਸਤਿ ਸ੍ਰੀ ਅਕਾਲ ਆਖਦੀ ਉਸ ਨੂੰ ਚੰਗੀ ਲਗਦੀ। ਅਕਸਰ ਉਹ ਆਖਦੀ, ਬਾਈ ਜੀ, ਘਰੋਂ ਦੂਰ ਤਾਂ ਬਾਹਲਾ ਈ ਔਖਾ ਐ, ਆਹ ਤਾਂ ਨਵੀਂ ਮੈਡਮ ਬਹੁਤ ਚੰਗੀ ਆ, ਪਹਿਲੀ ਹੁੰਦੀ ਤਾਂ ਉਸ ਨੇ ਤੁਹਾਨੂੰ ਦਫਤਰ ਵਿਚ ਨਹੀਂ ਸੀ ਰਹਿਣ ਦੇਣਾ।

ਮੇਲੋ ਦਫ਼ਤਰ ਤੋਂ ਬਾਅਦ ਮੈਡਮ ਦੇ ਘਰ ਬਾਕੀ ਸਮਾਂ ਕੰਮ ਵੀ ਕਰਦੀ ਸੀ। ਅਫਸਰ ਮੈਡਮ ਰਿਪਨਜੋਤ ਬਹੁਤ ਹੀ ਪੁਰਖਲੂਸ ਸੁਭਾਅ ਅਤੇ ਜ਼ਮੀਨ ਨਾਲ ਜੁੜੀ ਹੋਈ ਔਰਤ ਸੀ। ਉਸ ਵਿਚ ਅਫਸਰਾਂ ਵਾਲੀ ਕੋਈ ਹੈਂਕੜ ਨਹੀਂ ਸੀ। ਮੈਡਮ ਕਿਸੇ ਦਾ ਭਲਾ ਕਰਕੇ ਮਾਨਸਿਕ ਤਸੱਲੀ ਮਹਿਸੂਸ ਕਰਦੀ ਸੀ । ਛੋਟੇ ਬੇਟੇ ਕਰਕੇ ਮੈਡਮ ਨੇ ਮੇਲੋ ਨੂੰ ਹੋਰ ਘਰਾਂ ਵਿਚ ਕੰਮ ਕਰਨ ਦੇ ਮਿਹਨਤਾਨੇ ਨਾਲੋਂ ਵੱਧ ਦੇ ਕੇ ਆਪਣੇ ਘਰ ਸਾਰਾ ਦਿਨ ਸਕੂਲ ਤੋਂ ਬਾਅਦ ਬੱਚੇ ਦੀ ਦੇਖਭਾਲ ਅਤੇ ਕੰਮ ਕਰਨ ਲਈ ਮਨਾ ਲਿਆ ਸੀ।

ਕਈ ਵਾਰ ਕਿਸੇ ਮੀਟਿੰਗ ਦੌਰਾਨ ਹਨੇਰਾ ਹੋ ਜਾਂਦਾ ਤਾਂ ਮੈਡਮ ਆਖਦੀ, ਹਰਮੇਸ਼ ਸਿੰਘ ਜੀ ਤੁਸੀਂ ਦਸ ਮਿੰਟ ਹਾਲ ਵਿਚ ਬੈਠੋ, ਸਬਜੀ ਮੇਲੋ ਨੇ ਬਣਾਈ ਹੁੰਦੀ ਹੈ, ਆਟਾ ਗੁੱਝਾ ਹੁੰਦਾ ਹੈ, ਫੁਲਕੇ ਮੈਂ ਲਾਹ ਦਿੰਦੀ ਹਾਂ, ਦਫਤਰ ਜਾ ਕੇ ਤੁਸੀਂ ਨਹਾ ਧੋ ਕੇ ਖਾ ਲੈਣਾ।÷ ਤੇ ਸਾਰਾ ਦਿਨ ਘਰ ਬੈਠੀ ਮੇਲੋ ਨੂੰ ਭੇਜ ਦੇਂਦੀ। ਦੂਸਰੀਆਂ ਸੁਪਰਵਾਈਜ਼ਰਾਂ ਹਰਮੇਸ਼ ਨੂੰ ਵੀਰ ਜੀ ਕਹਿ ਕੇ ਬੁਲਾਉਂਦੀਆਂ। ਕਲਰਕ ਸੁਰਜੀਤ, ਭਾਅ ਜੀ ਅਤੇ ਮੈਡਮ ਹਰਮੇਸ਼ ਜੀ ਆਖਦੀ। ਉਹ ਸ਼ੁਕਰਵਾਰ ਬਾਰਾਂ ਵਜੇ ਤੁਰ ਪੈਂਦਾ ਤੇ ਸੋਮਵਾਰ ਦੁਪਹਿਰੇ ਬਾਰਾਂ ਵਜੇ ਤੱਕ ਵਾਪਸ ਮੋਗੇ ਪਹੁੰਚ ਜਾਂਦਾ। ਘਰੋਂ ਦੂਰ ਹੋਣ ਦੇ ਬਾਵਜੂਦ ਉਸਨੂੰ ਇਹ ਡਿਊਟੀ ਚੰਗੀ ਲੱਗੀ ਸੀ। ਘਰ ਪਰਿਵਾਰ ਵਾਂਗ ਉਹ ਜਲਦੀ ਹੀ ਸਾਰਿਆਂ ਨਾਲ ਘੁਲ-ਮਿਲ ਗਿਆ। ਮੈਡਮ ਦੇ ਬੱਚੇ ਉਸਦੇ ਬੱਚਿਆਂ ਦੀ ਹੀ ਉਮਰ ਦੇ ਸਨ ਉਹ ਤਾਂ ਉਸ ਨਾਲ ਇੰਜ ਘੁਲ ਮਿਲ ਗਏ ਜਿਵੇਂ ਉਹ ਇਕ ਦੂਜੇ ਦੇ ਬਹੁਤ ਦੇਰ ਤੋਂ ਜਾਣੂ ਹੋਣ। ਇਕ ਦਿਨ ਹਰਮੇਸ਼ ਦਾ ਇਕ ਸਮਾਜਿਕ ਲੇਖ ਅਖਬਾਰ ਵਿੱਚ ਫੋਟੋ ਸਮੇਤ ਛਪਿਆ।

ਉਹ ਅਖਬਾਰ ਦਫਤਰ ਵਿਚ ਆਉਂਦਾ ਸੀ। ਅਖਬਾਰ ਪੜ੍ਹਦਿਆਂ ਮੈਡਮ ਨੇ ਹੈਰਾਨ ਹੁੰਦਿਆਂ ਕਿਹਾ, ਹਰਮੇਸ਼ ਸਿੰਘ ਜੀ ਤੁਸੀਂ ਲਿਖਦੇ ਵੀ ਹੋ ?

ਇਸ ਤੋਂ ਬਾਅਦ ਦਫ਼ਤਰ ਵਿਚ ਉਸ ਦੀ ਇੱਜ਼ਤ ਹੋਰ ਵਧ ਗਈ। ਇਸ ਤੋਂ ਬਾਅਦ ਵਿਭਾਗ ਵੱਲੋਂ ਪਿੰਡਾਂ ਵਿੱਚ ਕਰਵਾਏ ਜਾਂਦੇ ਪ੍ਰੋਗਰਾਮਾਂ ਵਿਚ ਵੀ ਮੈਡਮ ਹਰਮੇਸ਼ ਨੂੰ ਬੋਲਣ ਵਾਸਤੇ ਵਿਸ਼ੇਸ਼ ਤੌਰ 'ਤੇ ਆਖਦੀ। ਮੈਡਮ ਨੇ ਉਸ ਨੂੰ ਕਦੇ ਵੀ ਦਫ਼ਤਰ ਦਾ ਡਰਾਈਵਰ ਨਹੀਂ ਸੀ ਸਮਝਿਆ, ਭਰਾਵਾਂ ਵਾਂਗ ਉਸ ਨਾਲ ਹਰ ਗੱਲ ਸਾਂਝੀ ਕਰਦੀ। ਪਿੰਡਾਂ ਵਿੱਚ ਪਰਿਵਾਰਕ ਝਗੜੇ ਬੜੀ ਸਿਆਣਪ ਨਾਲ ਹੱਲ ਕਰਵਾਉਂਦੀ। ਸਮਾਂ ਆਪਣੀ ਚਾਲੇ ਚੱਲ ਰਿਹਾ ਸੀ। ਹਰਮੇਸ਼ ਵਿਹਲੇ ਸਮੇਂ ਕੁਝ ਨਾ ਪੜ੍ਹਦਾ ਰਹਿੰਦਾ ਤੇ ਰਾਤ ਨੂੰ ਇਕਾਂਤ ਵਿਚ ਕੁਝ ਲਿਖ ਵੀ ਲੈਂਦਾ।

ਇਸ ਦੌਰਾਨ ਹੀ ਉਹ ਘਰ ਆਇਆ ਹੋਇਆ ਸੀ । ਚਾਰ ਸਾਲ ਤੋਂ ਬਿਮਾਰ ਉਸ ਦੀ ਮਾਤਾ ਅਚਾਨਕ ਅਕਾਲ ਚਲਾਣਾ ਕਰ ਗਈ। ਹਰਮੇਸ਼ ਨੇ ਮੈਡਮ ਨੂੰ ਫੋਨ ਕਰਕੇ ਮਾਤਾ ਦੇ ਫੌਤ ਹੋਣ ਦੀ ਸੂਚਨਾ ਦਿੱਤੀ ਤੇ ਇਕ ਦੋ ਦਿਨਾਂ ਬਾਅਦ ਆਉਣ ਲਈ ਬੇਨਤੀ ਕੀਤੀ। ਪਰ ਮੈਡਮ ਨੇ ਕਿਹਾ,

ਹਰਮੇਸ਼ ਸਿੰਘ ਜੀ, ਤੁਹਾਨੂੰ ਆਉਣ ਦੀ ਲੋੜ ਨਹੀਂ, ਮਾਤਾ ਜੀ ਦੇ ਭੋਗ ਦੀ ਤਾਰੀਖ਼ ਦੱਸ ਦੇਣਾ ਅਸੀਂ ਜਰੂਰ ਆਵਾਂਗੇ ਤੇ ਤੁਹਾਡੀ ਤਨਖਾਹ ਵੀ ਲਈ ਆਵਾਂਗੇ।

ਇਕ ਦੋ ਨੂੰ ਛੱਡ ਕੇ ਦਫਤਰ ਦਾ ਬਾਕੀ ਸਟਾਫ਼ ਮੇਲੋ ਸਮੇਤ ਉਸ ਦੇ ਦੁੱਖ ਵਿਚ ਸ਼ਰੀਕ ਹੋਇਆ। ਲੰਗਰ ਛਕਣ ਤੋਂ ਬਾਅਦ ਸਾਰਿਆਂ ਨੇ ਥੱਲੇ ਬੈਠ ਕੇ ਦੋਵਾਂ ਜੀਆਂ ਨਾਲ ਹਿਰਖ ਅਫਸੋਸ ਕਰਨ ਤੋਂ ਬਾਅਦ ਸੁਰਜੀਤ ਨੇ ਹਰਮੇਸ਼ ਦੀ ਤਨਖਾਹ ਉਸ ਨੂੰ ਫੜਾ ਦਿੱਤੀ। ਉਸ ਨੇ ਉਵੇਂ ਹੀ ਆਪਣੀ ਪਤਨੀ ਨੂੰ ਫੜਾ ਦਿੱਤੀ। ਵਾਪਸ ਜਾਣ ਲੱਗਿਆਂ ਮੈਡਮ ਨੇ ਕਿਹਾ, ਹਰਮੇਸ਼ ਜੀ, ਤੁਸੀਂ ਹੋਰ ਚਾਰ ਦਿਨਾਂ ਬਾਅਦ ਆ ਜਾਣਾ। ਮੇਰੇ ਹੁੰਦਿਆਂ ਕੋਈ ਚਿੰਤਾ ਨਹੀਂ ਕਰਨੀ।

ਹਰਮੇਸ਼ ਜਦੋਂ ਵੀ ਘਰ ਰਹਿ ਕੇ ਵਾਪਸ ਜਾਂਦਾ ਸੀ ਤਾਂ ਬਦਲ ਕੇ ਸਬਜੀ-ਸਾਗ ਜਾਂ ਆਲੂ-ਗੋਭੀ ਦੇ ਪਰਾਂਠੇ ਜ਼ਰੂਰ ਲੈ ਕੇ ਜਾਂਦਾ। ਉਸ ਦਿਨ ਲੰਚ ਮੌਕੇ ਮੈਡਮ ਹੱਸਦਿਆਂ ਆਖਦੀ ਅੱਜ ਭਾਬੀ ਨੇ ਸਾਡੇ ਵਾਸਤੇ ਕੀ ਭੇਜਿਆ ਹੈ ? ਜੋ ਵੀ ਹੁੰਦਾ ਸਿਫਤਾਂ ਕਰਦੇ ਸਾਰੇ ਜਣੇ ਖਾਂਦੇ।

ਮਾਤਾ ਦੀ ਮੌਤ ਤੋਂ ਮਗਰੋਂ ਹਰਮੇਸ਼ ਪੰਦਰਾਂ ਦਿਨਾਂ ਬਾਅਦ ਮੋਗੇ ਡਿਊਟੀ 'ਤੇ ਗਿਆ। ਦੁਪਹਿਰ ਦੀ ਰੋਟੀ ਖਾਂਦਿਆਂ ਮੈਡਮ ਨੇ ਕਿਹਾ, ਹਰਮੇਸ਼ ਸਿੰਘ ਜੀ, ਭੋਗ ਵਾਲੇ ਦਿਨ ਤੁਹਾਡੇ ਵੱਲੋਂ ਮਿਲੀ ਤਨਖਾਹ ਭਾਬੀ ਦੇ ਹੱਥ ਫੜਾਉਣਾ ਸਾਰਿਆਂ ਨੂੰ ਬੜਾ ਚੰਗਾ ਲੱਗਾ ਸੀ। ਮੇਲੋ ਤਾਂ ਰਸਤੇ ਵਿਚ ਹੱਸਦਿਆਂ ਆਖਦੀ ਸੀ, ਸਾਡੇ ਆਲੇ ਨਖਾਫਣੇ ਨੇ ਕਮਾਏ ਪੈਸੇ ਤਾਂ ਕੀ ਹੱਥ 'ਤੇ ਧਰਨੇ ਆ, ਸਗੋਂ ਹੱਥੋਂ ਤਨਖਾਹ ਖੋਹ ਕੇ ਉਦੋਂ ਈ ਘਰ ਵੜਦਾ ਜਦੋਂ ਮੁੱਕ ਜਾਏ, ਬਾਈ ਜੀ ਨੇ ਤਾਂ ਗਿਣੇ ਵੀ ਨਹੀਂ। ਸਾਰੇ ਹਾਸੜ ਮੱਚ ਗਈ ਸੀ।

ਮੇਲੋ ਦਾ ਸ਼ਰਾਬੀ ਪਤੀ ਵੈਸੇ ਰਿਕਸ਼ਾ ਚਾਲਕ ਸੀ ਪਰ ਮੇਲੋ ਨੂੰ ਉਸ ਤੋਂ ਕੋਈ



ਉਮੀਦ ਨਹੀਂ ਸੀ। ਜੋ ਕਮਾਉਂਦਾ ਖਾ ਪੀ ਕੇ ਰਾਤ ਨੂੰ ਹੀ ਘਰ ਵੜਦਾ। ਵਿਆਹੁਤਾ ਕੁੜੀਆਂ ਦੇ ਦਿਨ ਤਿਉਹਾਰ ਮੇਲੋ ਆਪ ਹੀ ਦੇ ਕੇ ਆਉਂਦੀ।

ਇਕ ਦਿਨ ਮੈਡਮ ਨੇ ਹਰਮੇਸ਼ ਨੂੰ ਕਿਹਾ, ਹਰਮੇਸ਼ ਜੀ, ਆਪਾਂ ਅੱਜ ਆਂਗਨਵਾੜੀ ਸੈਂਟਰ ਚੈੱਕ ਕਰਨ ਜਾਣਾ ਹੈ ਗੱਡੀ ਤਿਆਰ ਕਰ ਲਓ। ਉਸੇ ਵੇਲੇ ਹਮੇਸ਼ਾ ਤੋਂ ਉਲਟ ਗਿਆਰਾਂ ਕੁ ਵਜੇ ਮੇਲੋ ਨੇ ਦਫਤਰ ਆ ਕੇ ਮੈਡਮ ਨੂੰ ਦੱਸਿਆ ਕਿ ਉਸ ਦਾ ਘਰ ਵਾਲਾ ਹੁਣ ਆਪਣੇ ਜੋਗੀ ਕਮਾਈ ਵੀ ਨਹੀਂ ਕਰਦਾ ਸਾਰਾ ਦਿਨ ਬੱਸ ਅੱਡੇ 'ਤੇ ਰਿਕਸ਼ੇ ਵਾਲਿਆਂ ਨਾਲ ਤਾਸ਼ ਖੇਡਦਾ ਰਹਿੰਦਾ ਹੈ। ਜਿਹੜਾ ਰਿਕਸ਼ਾ ਮੈਂ ਔਖੀ-ਸੌਖੀ ਲੈ ਕੇ ਦਿੱਤਾ ਸੀ ਉਹ ਵੀ ਵੇਚ ਕੇ ਸ਼ਰਾਬ ਪੀ ਗਿਆ ਹੈ, ਹੁਣ ਉਲਟਾ ਮੇਰੇ ਕੋਲੋਂ ਰਾਤ ਨੂੰ ਸ਼ਰਾਬ ਪੀਣ ਵਾਸਤੇ ਪੈਸੇ ਮੰਗਦਾ ਹੈ ਨਾ ਦੇਣ 'ਤੇ ਉਹਨੇ ਰਾਤੀਂ ਮੇਰੇ ਨਾਲ ਕੁੱਟਮਾਰ ਵੀ ਕੀਤੀ ਹੈ।

ਮੈਡਮ ਨੇ ਮੇਲੋ ਨੂੰ ਪੁੱਛਿਆ, ਇਸ ਵੇਲੇ ਉਹ ਕਿਥੇ ਹੈ?

ਅੱਡੇ ਵਿਚ। ਮੇਲੋ ਨੇ ਨਿਕਲ ਆਏ ਅੱਥਰੂ ਚੁੰਨੀ ਨਾਲ ਸਾਫ ਕਰਦਿਆਂ ਕਿਹਾ।

ਹਰਮੇਸ਼ ਸਿੰਘ ਜੀ, ਗੱਡੀ ਕੱਢੋ। ਮੈਡਮ ਨੇ ਕਿਹਾ। ਮੈਡਮ ਸੈਂਟਰ ਚੈੱਕ ਕਰਨ ਦੀ ਬਜਾਏ ਮੇਲੋ ਨੂੰ ਨਾਲ ਲੈ ਕੇ ਮੋਗੇ ਦੇ ਬੱਸ ਅੱਡੇ ਨੇੜੇ ਰਿਕਸ਼ਾ ਸਟੈਂਡ 'ਤੇ ਆ ਗਈ। ਮੇਲੋ ਨੇ ਆਪ ਹੀ ਉਤਰ ਕੇ ਆਪਣੇ ਘਰ ਵਾਲੇ ਨੂੰ ਕਿਹਾ, ਮੈਡਮ ਬੁਲਾਉਂਦੀ ਆ। ਮੈਡਮ ਦੇ ਹੁੰਦਿਆਂ ਮੇਲੋ ਦਲੇਰ ਹੋ ਗਈ ਸੀ। ਮੇਲੋ ਦੇ ਘਰ ਵਾਲੇ ਨੇ ਸਾਊਆਂ ਵਾਂਗ ਉੱਠ ਕੇ ਮੈਡਮ ਨੂੰ ਹੱਥ ਜੋੜ ਦਿੱਤੇ ਬਾਕੀ ਲੋਕ ਅਚੰਭੇ ਨਾਲ ਵੇਖ ਰਹੇ ਸਨ।

ਗੱਡੀ ਵਿਚ ਬੈਠੋ। ਮੈਡਮ ਦੇ ਬੋਲਾਂ ਵਿੱਚ ਹਲੀਮੀ ਤੇ ਨਰਮੀ ਸੀ, ਅਫਸਰੀ ਹੁਕਮ ਨਹੀਂ ਸੀ।

ਹਰਮੇਸ਼ ਜੀ, ਮੇਲੋ ਦੇ ਘਰ ਚੱਲੋ। ਕੁਝ ਦੇਰ ਬਾਅਦ ਗੱਡੀ ਇਕ ਬਸਤੀ ਦੀ ਗਲੀ ਵਿੱਚ ਮੇਲੋ ਦੇ ਘਰ ਦੇ ਅੱਗੇ ਸੀ। ਸਾਰੇ ਜਣੇ ਅੱਗੇ-ਪਿੱਛੇ ਘਰ ਦੇ ਅੰਦਰ ਚਲੇ ਗਏ। ਮੇਲੋ ਨੂੰ ਸਮਝ ਨਾ ਲੱਗੇ ਕਿ ਉਹ ਮੈਡਮ ਨੂੰ ਕਿਥੇ ਬਹਾਵੇ। ਮੈਡਮ ਨੇ ਮੇਲੋ ਦੀ ਮਾਨਸਿਕਤਾ ਸਮਝਦੇ ਹੋਏ ਇਕ ਲਾਣੀ ਮੰਜੀ ਉਤੇ ਬੈਠਦਿਆਂ ਕਿਹਾ, ਮੇਲੋ ਕਿਸੇ ਕਿਸਮ ਦੀ ਚਿੰਤਾ ਨਾ ਕਰ, ਬੈਠੋ ਹਰਮੇਸ਼ ਸਿੰਘ ਜੀ,

ਤੁਸੀਂ ਵੀ ਬੈਠੋ ਮੇਲੋ ਦੇ ਪਤੀ ਨੂੰ ਵੀ ਮੈਡਮ ਨੇ ਇਸ਼ਾਰਾ ਕੀਤਾ। ਉਹ ਵੀ ਦੋਸ਼ੀਆਂ ਵਾਂਗ ਸਾਹਮਣੇ ਬੈਠ ਗਿਆ।

ਮੇਰੀ ਸੁਣ ਲੈ ਗੱਲ, ਮੈਂ ਪੁਲਸ ਨੂੰ ਫੋਨ ਕਰਕੇ ਤੈਨੂੰ ਉਥੋਂ ਵੀ ਚੁਕਵਾ ਸਕਦੀ ਸੀ ਪਰ ਮੈਨੂੰ ਤੇਰੀ ਅਤੇ ਮੇਲੋ ਦੀ ਇੱਜ਼ਤ ਦਾ ਖਿਆਲ ਸੀ। ਅੱਜ ਤੋਂ ਬਾਅਦ ਜੇ ਤੂੰ ਮੇਲੋ ਨੂੰ ਹੱਥ ਵੀ ਲਾਇਆ ਤਾਂ ਮੈਥੋਂ ਬੁਰਾ ਕੋਈ ਨਹੀਂ। ਪੈਸੇ ਕਮਾ ਕੇ ਤੂੰ ਦੇਣੇ ਨੇ ਕਿ ਇਸ ਗਰੀਬਣੀ ਤੋਂ ਖੋਹਣੇ ਨੇ?

ਮੈਡਮ ਨੂੰ ਐਨੇ ਗੁੱਸੇ ਵਿੱਚ ਅੱਜ ਹਰਮੇਸ਼ ਪਹਿਲੀ ਵਾਰ ਵੇਖ ਰਿਹਾ ਸੀ।

ਤਾਸ਼ ਦੀ ਢਾਣੀ ਵਿਚ ਨਹੀਂ ਬਹਿਣਾ। ਮੈਡਮ ਫਿਰ ਡੁੰਨਵੱਟਾ ਬਣੇ ਮੇਲੋ ਦੇ ਘਰਦੇ ਨੂੰ ਬੋਲੀ ਜੋ ਬਹੁਤ ਹੀ ਡਰਿਆ-ਡਰਿਆ ਲੱਗ ਰਿਹਾ ਸੀ।

ਜਾ, ਦੁਕਾਨ ਤੋਂ ਠੰਡੇ ਦੀ ਬੋਤਲ ਲੈ ਕੇ ਆ। ਮੇਲੋ ਨੇ ਘਰ ਵਾਲੇ ਨੂੰ ਪੈਸੇ ਫੜਾਉਂਦਿਆਂ ਕਿਹਾ।

ਨਹੀਂ ਮੇਲੋ, ਹੁਣ ਫੋਕਾ ਪਾਣੀ ਲਿਆ। ਭਲਕੇ ਤੂੰ ਘਰ ਨਹੀਂ ਆਉਣਾ, ਮੰਨੂੰ ਦੇ ਸਕੂਲ ਵਿੱਚ ਛੁੱਟੀ ਹੈ ਉਹ ਮੇਰੇ ਨਾਲ ਦਫਤਰ ਚਲਾ ਜਾਵੇਗਾ। ਦਸ ਵਜੇ ਮੈਂ ਆਪ ਆ ਕੇ ਤੇਰੇ ਘਰ ਚਾਹ ਪੀਵਾਂਗੀ, ਪਿਆਰ ਮੁਹੱਬਤ ਨਾਲ ਰਹਿਣਾ ਲੜਨਾ ਨਹੀਂ। ਮੈਡਮ ਨੇ ਮੇਲੋ ਨੂੰ ਅੰਦਰ ਲਿਜਾ ਕੇ ਕੁਝ ਕਿਹਾ ਤੇ ਬਾਹਰ ਆ ਕੇ ਕਿਹਾ, ਚਲੋ ਹਰਮੇਸ਼ ਜੀ।

ਅਗਲੇ ਦਿਨ ਮੈਡਮ ਕਲਰਕ ਸੁਰਜੀਤ ਨੂੰ ਸੈਂਟਰਾਂ ਦਾ ਦੌਰਾ ਦੱਸ ਕੇ ਮੇਲੋ ਦੇ ਘਰ ਆ ਗਈ। ਗੱਡੀ ਵਿੱਚੋਂ ਉਤਰ ਕੇ ਮੈਡਮ ਨੇ ਹਰਮੇਸ਼ ਨੂੰ ਵੀ ਆਉਣ ਨੂੰ ਕਿਹਾ। ਅੰਦਰ ਗਏ ਤਾਂ ਮੇਲੋ ਰਾਤੀਂ ਕੀਤੇ ਹਲਕੇ ਮੇਕਅੱਪ ਨਾਲ ਖਿੱਲਰੇ ਵਾਲੀਂ ਹੁਣੇ-ਹੁਣੇ ਹੀ ਸੁੱਤੀ ਉੱਠੀ ਲੱਗੀ।

ਮੇਲੋ, ਅਸੀਂ ਤਾਂ ਚਾਹ ਪੀਣ ਆਏ ਹਾਂ, ਤੂੰ ਤਾਂ ਹੁਣੇ ਸੁੱਤੀ ਉੱਠੀ ਲੱਗਣ ਡਹੀ ਏਂ! ਲੱਗਦਾ ਸਾਰੇ ਗਿਲੇ ਸ਼ਿਕਵੇ ਖਤਮ ਹੋ ਗਏ ਨੇ ਦੋਵਾਂ ਜੀਆਂ ਦੇ! ਮੈਡਮ ਨੇ ਹੱਸਦਿਆਂ ਮੇਲੋ ਨੂੰ ਮਜਾਕ ਕੀਤਾ। ਕੱਲ੍ਹ ਮੈਡਮ ਦੇ ਜਾਣ ਮਗਰੋਂ ਮੇਲੋ ਨੇ ਗੁਆਂਢੋਂ ਮੰਗ ਕੇ ਰੱਖੀਆਂ ਕੁਰਸੀਆਂ 'ਤੇ ਬੈਠਣ ਦਾ ਇਸ਼ਾਰਾ ਕਰਕੇ ਮੂੰਹ 'ਤੇ ਜਬਰੀ ਮੁਸਕਾਨ ਲਿਆਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, ਖੇਹ ਤੇ ਸਵਾਹ ਮੈਡਮ ਜੀ, ਕੁੱਤੇ ਦੀ ਪੂਛ ਕਦੇ ਸਿੱਧੀ ਹੋਈ ਆ ਭਲਾ?

ਚਾਹ ਪੀਂਦਿਆਂ ਜੋ ਪਿਆਰ ਕਹਾਣੀ ਮੇਲੋ ਨੇ ਸੁਣਾਈ ਹੈ ਤਾਂ ਹਾਸੇ ਵਾਲੀ ਸੀ ਪਰ ਇਕ ਔਰਤ ਦੇ ਦਿਲ ਦਾ ਦਰਦ ਸੀ।

ਮੈਡਮ ਜੀ, ਤੁਹਾਡੇ ਜਾਣ ਮਗਰੋਂ ਤਾਂ ਜਮਾ ਐਂ ਲੱਗੇ ਜਿਵੇਂ ਪਹਿਲਾਂ ਵਾਲਾ ਮਿੰਦਾ ਹੈ ਈ ਨਹੀਂ। ਮਿੱਠੀਆਂ ਮਾਰ ਕੇ ਮੈਨੂੰ ਸ਼ਾਮੀਂ ਬਜ਼ਾਰ ਲੈ ਗਿਆ। ਆਂਹਦਾ ਮੇਲੋ, ਪਹਿਲਾਂ ਤਾਂ ਮੈਂ ਡਰ ਹੀ ਗਿਆ ਸੀ ਪਰ ਮੈਡਮ ਬਹੁਤ ਚੰਗੀ ਹੈ ਜਿਸਨੇ ਸਾਡੀ ਸੁਲਾ-ਸਫਾਈ ਕਰਵਾ ਦਿੱਤੀ। ਪਾਰਟੀ ਤਾਂ ਹੋਣੀ ਹੀ ਚਾਹੀਦੀ ਹੈ। ਅੱਜ ਖਰਚ ਤੇਰਾ, ਅੱਗੇ ਤੋਂ ਮੈਂ ਤੈਨੂੰ ਪੈਸੇ ਦਿਆ ਕਰਾਂਗਾ। ਮਿੱਠੀਆਂ ਮਾਰ ਕੇ ਪਹਿਲਾਂ ਰੇਹੜੀ ਤੋਂ ਗੋਲ ਗੱਪੇ ਖਾਧੇ ਫਿਰ ਮੁੜਦਿਆਂ ਪੰਜਾਹ ਦਾ ਨੋਟ ਫਲ਼ ਖਰੀਦਣ ਨੂੰ ਕਹਿ ਕੇ ਲੈ ਲਏ। ਆਂਹਦਾ, ਤੂੰ ਚੱਲ ਘਰ, ਮੈਂ ਆਇਆ ਤੇਰੇ ਮਗਰੇ ਈ।

ਮੈਂ ਘਰ ਆ ਕੇ ਰੋਟੀ ਬਣਾ ਕੇ ਕਾਫ਼ੀ ਦੇਰ ਉਡੀਕਣ ਤੋਂ ਬਾਅਦ ਕੁੰਡਾ ਲਾ ਕੇ ਪੈ ਗਈ। ਉਡੀਕਦੀ ਦੀ ਮੇਰੀ ਅੱਖ ਲੱਗ ਗਈ। ਮਰ ਜਾਣਾ ਕਿਤੇ ਅੱਧੀ ਰਾਤੀਂ ਸ਼ਰਾਬੀ ਹੋਇਆ ਕੁੰਡਾ ਖੜਕਾਉਂਦਾ ਰਿਹਾ। ਮੈਨੂੰ ਤਾਂ ਗੁਆਂਢੀਆਂ ਨੇ ਦੱਸਿਆ ਕਿ ਤੁਹਾਡਾ ਅੱਧੀ ਰਾਤੀਂ ਕੁੰਡਾ ਖੜਕੀ ਜਾਂਦਾ ਸੀ! ਆਖਦੀ ਮੇਲੋ ਦੀਆਂ ਅੱਖਾਂ ਭਰ ਆਈਆਂ ਸਨ ਜੋ ਛੁਪਾਉਣ ਲਈ ਉੱਠ ਕੇ ਉਹ ਰਸੋਈ ਵਿਚ ਚਲੀ ਗਈ।

ਮੈਡਮ ਦੇ ਚਿਹਰੇ ਤੋਂ ਲਗਦਾ ਸੀ ਜਿਵੇਂ ਉਹ ਵੀ ਮੇਲੋ ਦੀ ਵਾਰਤਾਲਾਪ ਸੁਣ ਕੇ ਪਸੀਜ ਗਈ ਹੋਵੇ।



ਤੁਰਨ ਲੱਗਿਆਂ ਮੈਡਮ ਨੇ ਮੇਲੋ ਨੂੰ ਹੌਸਲਾ ਦੇਂਦਿਆਂ ਕਿਹਾ, ਵੇਖ ਮੇਲੋ, ਇਸ ਮਾਮਲੇ ਵਿਚ ਮੈਂ ਉਸਨੂੰ ਕੁਝ ਨਹੀਂ ਕਹਿ ਸਕਦੀ ਪਰ ਜੇ ਤੇਰੇ 'ਤੇ ਦੁਬਾਰਾ ਹੱਥ ਚੁੱਕੇ ਤਾਂ ਉਹ ਮਾਫ਼ ਨਾ ਕਰੀਂ ਮੈਨੂੰ ਜਰੂਰ ਦਸੀਂ।

ਸਾਲ ਬਾਅਦ ਹਰਮੇਸ਼ ਦੇ ਡੈਪੂਟੇਸ਼ਨ ਦਾ ਸਮਾਂ ਖਤਮ ਹੋਣ 'ਤੇ ਉਹ ਫਿਰ ਆਪਣੇ ਪਿਤਰੀ ਵਿਭਾਗ ਵਿਚ ਚਲਾ ਗਿਆ। ਵਕਤ ਗੁਜਰਦਾ ਰਿਹਾ। ਕੁਝ ਸਮੇਂ ਬਾਅਦ ਫੋਨ ਨੰਬਰ ਬਦਲਣ ਕਰਕੇ ਮੋਗੇ ਨਾਲੋਂ ਉਸਦਾ ਰਾਬਤਾ ਵੀ ਟੁੱਟ ਗਿਆ। ਉਹ ਸੇਵਾ ਮੁਕਤ ਵੀ ਹੋ ਗਿਆ। ਹੁਣ ਉਸ ਨੂੰ ਪੜ੍ਹਨ ਅਤੇ ਲਿਖਣ ਨੂੰ ਸਮਾਂ ਵੀ ਵੱਧ ਮਿਲਣ ਲੱਗਾ।

ਮੈਡਮ ਹਰਮੇਸ਼ ਤੋਂ ਦਸ-ਗਿਆਰਾਂ ਸਾਲ ਛੋਟੀ ਸੀ। ਮੋਗੇ ਤੋਂ ਵਾਪਸ ਆਉਣ ਤੋਂ ਤਕਰੀਬਨ ਦੱਸ ਬਾਰਾਂ ਸਾਲ ਮਗਰੋਂ ਇਕ ਫੋਨ ਆਇਆ, ਸਰਦਾਰ ਹਰਮੇਸ਼ ਸਿੰਘ ਜੀ ਬੋਲਦੇ ਐਂ? ਉਸਦੇ ਹਾਂ ਜੀ ਕਹਿਣ ਤੇ ਆਵਾਜ਼ ਆਈ, ਹਰਮੇਸ਼ ਸਿੰਘ ਜੀ ਮੈਂ ਮੋਗੇ ਤੋਂ ਮੈਡਮ ਰਿਪਨਜੋਤ ਬੋਲ ਰਹੀ ਹਾਂ, ਸਬੱਬ ਨਾਲ ਹੀ ਅੱਜ ਤੁਹਾਡਾ ਫੋਨ ਇਕ ਅਖਬਾਰ ਵਿੱਚੋਂ ਮਿਲਿਆ ਹੈ। ਇਸ ਤਾਰੀਖ਼ ਨੂੰ ਵਿਦੇਸ਼ੋਂ ਆਏ ਵੱਡੇ ਬੇਟੇ ਦੇ ਵਿਆਹ ਦੀ ਪਾਰਟੀ ਹੈ ਜਰੂਰ ਆਉਣਾ। ਬੱਚਿਆਂ ਵੱਲੋਂ ਅਤੇ ਮੇਲੋ ਵੱਲੋਂ ਖਾਸ ਤਾਕੀਦ ਹੈ। ਤੁਸੀਂ ਮੋਗੇ ਬੱਸ ਅੱਡੇ ਪਹੁੰਚ ਕੇ ਇਸ ਨੰਬਰ ਤੇ ਕਾਲ ਕਰ ਦੇਣਾ, ਬੇਟਾ ਆ ਕੇ ਲੈ ਜਾਵੇਗਾ। ਮੈਡਮ ਵੱਲੋਂ ਦੱਸੇ ਦਿਨ ਹਰਮੇਸ਼ ਨੇ ਮੋਗੇ ਪਹੁੰਚ ਕੇ ਫੋਨ ਕਰ ਦਿੱਤਾ। ਅੱਡੇ ਦੇ ਬਾਹਰਵਾਰ ਉਸਦੇ ਨੇੜੇ ਆ ਕੇ ਰੁਕੀ ਇਕ ਕਾਰ ਵਿੱਚੋਂ ਨਿਕਲੀ ਔਰਤ ਨੂੰ ਫਿੱਕੇ ਸੂਟ ਤੇ ਸਫ਼ੈਦ ਹੋ ਚੁੱਕੇ ਵਾਲਾਂ ਨਾਲ ਵੀ ਉਸਨੇ ਮੇਲੋ ਨੂੰ ਪਛਾਣ ਲਿਆ। ਡਰਾਈਵਰ ਤਾਕੀ ਖੋਲ੍ਹ ਕੇ ਸੁਹਣਾ ਜਿਹਾ ਇਕ ਨੌਜਵਾਨ ਵੀ ਬਾਹਰ ਨਿਕਲਿਆ। ਜਾਹਰ ਸੀ ਕਿ ਮੇਲੋ ਦੇ ਨਾਲ ਮੈਡਮ ਦਾ ਬੇਟਾ ਹੀ ਹੋਵੇਗਾ। ਵੱਡਾ ਹੈ ਜਾਂ ਛੋਟਾ ਹਰਮੇਸ਼ ਨੂੰ ਇਹ ਪਤਾ ਨਾ ਲੱਗਾ ਕਿਉਂਕਿ ਕਾਫ਼ੀ ਅਰਸੇ ਬਾਅਦ ਵੇਖ ਰਿਹਾ ਸੀ। ਜਦੋਂ ਉਹ ਅੱਗੇ ਹੋਇਆ ਤਾਂ ਮੇਲੋ ਨੇ ਵੀ ਪਛਾਣਦਿਆਂ ਬਾਈ ਜੀ, ਸਤਿ ਸ੍ਰੀ ਅਕਾਲ ਕਿਹਾ ਤੇ ਮੁੰਡੇ ਦੀ ਮੈਡਮ ਦੇ ਛੋਟੇ ਬੇਟੇ ਮੰਨੂੰ ਵਜੋਂ ਪਛਾਣ ਕਰਵਾਈ। ਮੰਨੂੰ ਸੁਹਣਾ ਜਵਾਨ ਨਿਕਲਿਆ ਸੀ। ਉਸਨੇ ਵੀ ਗੋਡੀਂ ਹੱਥ ਲਾ ਕੇ ਸਤਿਕਾਰ ਦੇਂਦਿਆਂ ਵੈਲਕਮ ਅੰਕਲ ਜੀ ਆਖਿਆ।

ਕਾਰ ਵਿਚ ਆਉਂਦਿਆਂ ਹਰਮੇਸ਼ ਨੇ ਮੇਲੋ ਦੀਆਂ ਬੱਚੀਆਂ ਦੀ ਰਾਜ਼ੀ ਖੁਸ਼ੀ ਪੁੱਛੀ। ਮੇਲੋ ਨੇ ਦੱਸਿਆ ਕਿ ਮੈਡਮ ਨੇ ਮੋਗੇ ਹੀ ਘਰ ਬਣਾ ਲਿਆ ਸੀ। ਘਰ ਨੇੜੇ ਹੀ ਸੀ। ਮੈਡਮ ਵੱਡੇ ਭਰਾਵਾਂ ਵਾਂਗ ਉਸਦੇ ਗਲ਼ ਲੱਗ ਕੇ ਮਿਲਦਿਆਂ ਭਾਵਕ ਹੋ ਗਈ ਸੀ। ਹਰਮੇਸ਼ ਦਾ ਵੀ ਗਲਾ ਭਰ ਆਇਆ ਸੀ। ਦਸ ਸਾਲ ਬਾਅਦ ਮਿਲ ਕੇ ਮੈਡਮ ਬਹੁਤ ਖੁਸ਼ ਹੋਈ। ਸੁਰਜੀਤ ਸਮੇਤ ਸੇਵਾ ਮੁਕਤ ਸੁਪਰਵਾਈਜ਼ਰਾਂ ਨੇ ਵੀ ਹਰਮੇਸ਼ ਨੂੰ ਵੀਰ ਜੀ ਸਤਿ ਸ੍ਰੀ ਅਕਾਲ ਕਹਿੰਦਿਆਂ ਸਤਿਕਾਰ ਦਿੱਤਾ। ਚਾਹ ਪਾਣੀ ਪੀਣ ਤੋਂ ਬਾਅਦ ਉਸਨੇ ਨਵੀਂ ਵਿਆਹੀ ਜੋੜੀ ਨੂੰ ਸ਼ਗਨ ਅਤੇ ਆਪਣੀਆਂ ਕਿਤਾਬਾਂ ਦਾ ਸੈੱਟ ਦਿੱਤਾ। ਮੈਡਮ ਨੇ ਪੁੱਤ ਨੂੰ ਹੱਸਦਿਆਂ ਕਿਹਾ, ਜਿੰਮੀ, ਤੈਨੂੰ ਅੰਕਲ ਵਰਗਾ ਗਿਫਟ ਕਿਸੇ ਨੇ ਵੀ ਨਹੀਂ ਦਿੱਤਾ ਹੋਣਾ।

ਬੈਠੇ ਗੱਲਾਂ ਕਰਦਿਆਂ ਮੈਡਮ ਨੇ ਦੱਸਿਆ ਕਿ ਮੇਲੋ ਹੁਣ ਮੇਰੇ ਕੋਲ ਹੀ ਰਹਿੰਦੀ ਹੈ।

ਹਰਮੇਸ਼ ਨੇ ਥੋੜ੍ਹਾ ਮਜਾਕੀਆ ਲਹਿਜੇ ਵਿੱਚ ਕਿਹਾ, ਮੇਲੋ ਦੀ ਹਾਲੇ ਵੀ ਅਣ ਬਣ ਈ ਆ !

ਨਹੀਂ ਬਾਈ ਜੀ, ਉਹ ਲੜਾਈ ਤਾਂ ਖਤਮ ਹੋਈ ਨੂੰ ਛੇਵਾਂ ਸਾਲ ਆ, ਮੈਡਮ ਨੇ ਮੈਨੂੰ ਥੰਮ੍ਹੀ ਬਣ ਕੇ ਸਹਾਰਾ ਨਾ ਦਿੱਤਾ ਹੁੰਦਾ ਤਾਂ ਮੈਂ ਵੀ ਕਦ ਦੀ ਢਹਿ ਗਈ ਹੁੰਦੀ। ਮੇਲੋ ਨੇ ਭਰ ਆਈਆਂ ਅੱਖਾਂ ਚਿੱਟੀ ਚੁੰਨੀ ਨਾਲ ਸਾਫ ਕਰਦਿਆਂ ਕਿਹਾ। ਹਰਮੇਸ਼ ਸਭ ਕੁਝ ਸਮਝ ਗਿਆ। ਮਾਹੌਲ ਭਾਵਕ ਜਿਹਾ ਹੋ ਗਿਆ ਸੀ।

ਮੈਡਮ ਨੇ ਗੱਲ ਆਪਣੇ ਹੱਥ ਲੈਂਦਿਆਂ ਦੱਸਿਆ, ਦੋਵੇਂ ਬੇਟੇ ਵਿਦੇਸ਼ ਜਾਣ ਮਗਰੋਂ ਮੈਨੂੰ ਦੋ ਸਾਲ ਹੋਏ ਹਨ ਸੇਵਾ ਮੁਕਤ ਹੋਈ ਨੂੰ, ਜਿੰਮੀ ਵਿਦੇਸ਼ੀ ਕੁੜੀ ਨਾਲ ਵਿਆਹ ਕਰਾ ਕੇ ਸਾਲ ਬਾਅਦ ਹੀ ਪੱਕਾ ਹੋ ਗਿਆ ਸੀ, ਮੰਨੂੰ ਵੀ ਓਥੇ ਈ ਪਸੰਦ ਕਰੀ ਫਿਰਦਾ ਹੈ। ਕੁੜੀਆਂ ਕੋਲ ਮੇਲੋ ਰਹਿਣਾ ਨਹੀਂ ਚਾਹੁੰਦੀ ਸੀ ਮੈਂ ਇਸ ਨੂੰ ਆਪਣੇ ਕੋਲ ਪੱਕੀ ਹੀ ਲੈ ਆਂਦਾ ਹੈ। ਜਦੋਂ ਦਿਲ ਕਰਦਾ ਧੀਆਂ ਨੂੰ ਮਿਲ ਆਉਂਦੀ ਹੈ। ਮੈਨੂੰ ਵੀ ਕੱਲ੍ਹੀ ਨੂੰ ਹੁਣ ਮੇਲੋ ਦਾ ਥੰਮ੍ਹੀ ਵਰਗਾ ਹੀ ਸਹਾਰਾ ਹੈ। ਮੈਡਮ ਵੀ ਬੋਲਦੀ ਭਾਵਕ ਹੋ ਗਈ।

ਜਰੂਰੀ ਕੰਮ ਕਰਕੇ ਹਰਮੇਸ਼ ਦਾ ਵਾਪਸ ਮੁੜਨਾ ਸੁਣ ਕੇ ਪਹਿਲਾਂ ਤਾਂ ਰਹਿਣ ਲਈ ਜੋਰ ਪਾਇਆ ਫਿਰ ਮੈਡਮ ਆਖਣ ਲੱਗੀ ਦਸ ਮਿੰਟ ਤਾਂ ਰੁਕੋ !

ਜਲਦੀ ਹੀ ਮੈਡਮ ਵਿਆਹ ਦੀ ਭਾਜੀ ਅਤੇ ਹਰਮੇਸ਼ ਦੀ ਪੱਗ ਸਮੇਤ ਉਸਦੀ ਪਤਨੀ ਦਾ ਸੂਟ ਲੈ ਆਈ। ਹਰਮੇਸ਼ ਸਿੰਘ ਜੀ, ਭਾਬੀ ਨੂੰ ਕਹਿਣਾ ਕਿ ਸੂਟ ਸਵਾਂ ਕੇ ਹੰਢਾਵੇ ਮੈਂ ਬੜੀ ਰੀਝ ਨਾਲ ਖਰੀਦਿਆ ਹੈ। ਮੈਡਮ ਨੇ ਸਾਰਾ ਕੁਝ ਇਕ ਵੱਡੇ ਲਿਫਾਫੇ ਵਿੱਚ ਪਾ ਕੇ ਉਸ ਦੇ ਹਵਾਲੇ ਕਰਦਿਆਂ ਕਿਹਾ।

ਤੁਰਨ ਲੱਗਿਆਂ ਹਰਮੇਸ਼ ਨੇ ਕਿਹਾ, ਮੈਡਮ ਜੀ, ਜੇ ਆਪਾਂ ਹੁਣ ਦਫਤਰੀ ਭਾਸ਼ਾ ਛੱਡ ਕੇ ਇਕ-ਦੂਜੇ ਨੂੰ ਭੈਣ ਜੀ ਅਤੇ ਵੀਰ ਆਖਿਆ ਕਰੀਏ ਤਾਂ ਕਿਵੇਂ ਰਹੇਗਾ?

ਬਿਲਕੁੱਲ ਸਹੀ ਵੀਰ ਜੀ। ਮੈਡਮ ਦੇ ਬੋਲਣ ਤੋਂ ਪਹਿਲਾਂ ਹੀ ਹੱਸਦਿਆਂ ਮੇਲੋ ਕਹਿ ਰਹੀ ਸੀ।

ਢੇਰ ਸਾਰਾ ਪਿਆਰ ਲੈ ਕੇ ਹਰਮੇਸ਼ ਵਾਪਸ ਬੱਸੇ ਬੈਠਾ ਮੋਗੇ ਵਿੱਚ ਕੱਟੇ ਵਕਤ ਨੂੰ ਯਾਦ ਕਰਦਾ ਮਨ ਬਚਨੀ ਕਰ ਰਿਹਾ ਸੀ, ਕਦੀ ਪੰਜਾਬੀ ਕੱਚੇ ਢਾਰਿਆਂ ਨੂੰ ਥੰਮ੍ਹੀਆਂ ਦੇ ਸਹਾਰੇ ਦਿੰਦੇ ਹੁੰਦੇ ਸਨ, ਅੱਜ ਪੱਕੇ ਘਰਾਂ ਵਿੱਚ ਵੱਸਦਿਆਂ ਵੀ ਆਪ ਸਹਾਰੇ ਭਾਲ ਰਹੇ ਹਨ।

**ਤਰਸੇਮ ਸਿੰਘ ਭੰਗੂ**

**ਫੋਨ-9465656214**

◆◆◆



# ਨਾਟਕ

## ਚੋਰ

***ਸਤਵਿੰਦਰ ਬੇਗੋਵਾਲੀਆ***

| | | |
|---|---|---|
| ਧੁੰਨਾ | : | ਇੱਕ ਕਿਸਾਨ, ਉਮਰ 55 ਸਾਲ |
| ਮਿੰਦਰ | : | ਧੁੰਨੇ ਦੀ ਪਤਨੀ, ਉਮਰ 50 ਸਾਲ |
| ਜਿੰਦਰ | : | ਪੜ੍ਹਿਆ ਲਿਖਿਆ ਬੇਰੁਜ਼ਗਾਰ, ਉਮਰ 25 ਸਾਲ |
| ਕਿਸ਼ਨਾ | : | ਇੱਕ ਦੁਕਾਨਦਾਰ, ਉਮਰ 45 ਸਾਲ |
| ਖਜਾਨ ਸਿੰਘ | : | ਧੁੰਨੇ ਦਾ ਸਾਲਾ, ਉਮਰ 48 ਸਾਲ |
| ਕੰਤੀ | : | ਆਮ ਆਦਮੀ, ਉਮਰ 35 ਸਾਲ |
| 1 | | **ਦੋ ਯਮ** |
| 2 | | |
| ਗਿਆਨ ਸਿੰਘ | : | ਆੜ੍ਹਤੀਆ, ਉਮਰ 60 ਸਾਲ |
| ਬੰਤੂ | : | ਝੀਊਰ, ਉਮਰ 50 ਸਾਲ |
| ਚੰਨਾ | : | ਧੰਨੇ ਦਾ ਪੁੱਤਰ, 26 ਸਾਲ |
| ਚੋਰ | | |



(ਧੰਨਾ ਆਪਣੇ ਘਰ ਦੇ ਛੋਟੇ ਜਿਹੇ ਵਰਾਂਡੇ ਵਿੱਚ ਮੰਜੇ 'ਤੇ ਸੌਂ ਰਿਹਾ ਹੈ, ਸੁਫ਼ਨੇ ਵਿੱਚ ਉਸ ਦੇ ਬੋਲਣ ਦੀ ਆਵਾਜ਼ ਸੁਣਾਈ ਦਿੰਦੀ ਹੈ)

ਧੁੰਨਾ : (ਸੁਫ਼ਨੇ ਵਿੱਚ) ਲੋਕੋ ! ਦੌੜੋ, ਆਹ ਚੋਰਾਂ ਮੇਰੀਆਂ ਸਾਰੀਆਂ ਟਾਹਲੀਆਂ ਵੱਢ ਲਈਆਂ, ਵੇਖੋ ਔਹ ਵੇਖੋ....... ਤੁਸੀਂ ਵੇਖਦੇ ਨਹੀਂ? ਤੁਸੀਂ ਅੰਨ੍ਹੇ ਹੋ? ਦਿਨ ਦੀਵੀਂ ਚੋਰ ਕੀ ਕਰਦੇ ਪਏ ਨੇ . ਮੇਰੀ ਹਿੱਕ 'ਤੇ ਆਰੀ ਫਿਰਦੀ ਪਈ ਏ, ਟੋਟੇ ਕਰ ਕਰ ਟਰਾਲੀ ਵਿੱਚ ਸੁੱਟੀ ਜਾਂਦੇ ਨੇ ਹਰਾਮਜਾਦੇ, ਹਾਏ ਉਏ ਮੇਰੀਆਂ ਅਸਮਾਨ ਨੂੰ ਛੂਹਣ ਵਾਲੀਆਂ ਟਾਹਲੀਆਂ ! ਮੈਂ ਲੁੱਟਿਆ ਗਿਆ, ਕੋਈ ਨਹੀਂ ਮੇਰੀ ਮਦਦ ਕਰਨ ਵਾਲਾ। ਮੇਰੀਆਂ ਤੀਹ ਹਜ਼ਾਰ ਦੀਆਂ ਟਾਹਲੀਆਂ ਨੇ, ਟਾਹਲੀਆਂ ਮੇਰੀ ਜਾਨ ਨੇ, ਮੈਂ ਜਾਨ ਦੇ ਦਊਂ। ਚਲਾਉ ਟਰੈਕਟਰ, ਖੜ੍ਹਾ ਵਾਂ ਰਾਹ ਵਿੱਚ..... ਲੰਘਾ ਦਿਉ ਮੇਰੇ ਉਪਰੋਂ ...... ਹਾਏ ਹਾਏ.........

(ਮੰਜੇ ਤੋਂ ਹੇਠਾਂ ਡਿੱਗ ਪੈਂਦਾ ਹੈ, ਧੁੰਨੇ ਨੂੰ ਜਾਗ ਆ ਜਾਂਦੀ ਹੈ)

ਸ਼ੁਕਰ ਏ, ਟਾਹਲੀਆਂ ਸਹੀ ਸਲਾਮਤ ਨੇ। ਕਿੰਨੇ ਖ਼ੌਫ਼ ਵਾਲਾ ਸੁਫ਼ਨਾ ਸੀ। ਅੱਧੀ ਰਾਤ ਤਾਂ ਖੰਘਦੇ-ਖੰਘਦੇ ਪੈ ਗਈ, ਜਦ ਜਰਾ ਅੱਖ ਲੱਗੀ ਤਾਂ ਸਾਲਾ ਸੁਫ਼ਨਾ ਪਤਾ ਨੀਂ ਕਿਧਰੋਂ ਆ ਗਿਐ।

(ਧੁੰਨਾ ਸਿੰਘ ਦੀ ਖੰਘ ਛਿੜ ਪੈਂਦੀ ਹੈ, ਜਿਸ ਦੀ ਆਵਾਜ਼ ਸੁਣ ਕੇ ਮਿੰਦਰੋ ਆ ਜਾਂਦੀ ਹੈ।

ਮਿੰਦਰੋ : (ਖਿੱਝਦੀ ਹੋਈ) ਖੰਘ ਫਿਰ ਛਿੜ ਪਈ ਏ ?

ਧੁੰਨਾ : (ਖੰਘਦਾ ਹੋਇਆ) ਆਹ ਸਾਲੀ ਖੰਘ ਪਤਾ ਨਹੀਂ ਕਦ ਖਹਿੜਾ ਛੱਡੇਗੀ। ਮਹੀਨਾ ਹੋ ਗਿਆ ਡਾਕਟਰ ਦੀ ਦਵਾਈ ਖਾਂਦੇ ਨੂੰ। ਛੇ ਸੱਤ ਸੌ ਰੁਪਿਆ ਵੀ ਫੂਕ ਛੱਡਿਐ, ਉਧਰ ਡਾਕਟਰ ਮੇਰੇ ਸਾਲੇ ਪਤਾ ਨਹੀਂ ਕਿਹੜੀ ਦਵਾਈ ਦੇ ਦਿੰਦੇ ਨੇ, ਇੱਕ ਪੈਸੇ ਦਾ ਫ਼ਰਕ ਨਹੀਂ ਪਿਆ।

ਮਿੰਦਰੋ : ਡਾਕਟਰ ਨੂੰ ਕਹਿਣਾ ਸੀ ਦਵਾਈ ਬਦਲ ਦੇਂਦਾ।

ਧੁੰਨਾ : ਹਰ ਵਾਰ ਨਵੀਂ ਸ਼ੀਸ਼ੀ ਹੱਥ ਫੜਾ ਦੇਂਦੈ ਤੇ ਲਾਹ ਲੈਂਦੇ ਪੰਜਾਹ ਰੁਪਏ।

ਮਿੰਦਰੋ : ਆਪ ਤਾਂ ਤੂੰ ਖਊਂ ਖਊਂ ਕਰਨਾ ਈ ਐਂ, ਸਾਨੂੰ ਤਾਂ ਝੱਟ ਅਰਾਮ ਕਰ ਲੈਣ ਦਿਆ ਕਰ ਕਦੇ।

ਧੁੰਨਾ : ਮੈਂ ਕੋਈ ਖ਼ੁਸ਼ੀ ਨਾਲ ਤਾਂ ਨਹੀਂ ਕਰਦਾ ਖਊਂ-ਖਊਂ।

ਮਿੰਦਰੋ : ਤੈਨੂੰ ਖੰਘ ਤਾਂ ਕੀ ਲੱਗ ਗਈ ਸਾਰੇ ਟੱਬਰ ਨੂੰ ਟੰਗ ਦਿੱਤਾ ਤੂੰ, ਕਦੇ ਕਹਿਣੈਂ—ਸਾਹ ਚੜ੍ਹਦਾ ਪਿਐ, ਕਦੇ ਕਹਿਣੈਂ-ਸਾਹ ਨਹੀਂ ਆਉਂਦਾ ਪਿਆ। ਪਰਸੋਂ ਜਿਹੜੀ ਸ਼ੀਸ਼ੀ ਲਿਆ ਕੇ ਦਿੱਤੀ ਸੀ, ਕੋਈ ਫ਼ਰਕ ਜਾਪਿਆ ਨਹੀਂ?

ਧੁੰਨਾ : ਉਸ ਸ਼ੀਸ਼ੀ ਨੇ ਕਿਹੜਾ ਚਮਤਕਾਰ ਵਿਖਾ ਦਿੱਤੈ, ਇੱਕ ਕੌਡੀ ਦਾ ਫ਼ਰਕ ਨਹੀਂ ਪਿਆ।

ਮਿੰਦਰੋ : ਨਹੀਂ ਪਿਆ ਫ਼ਰਕ ਤਾਂ ਦਿਨੇ ਜਾ ਕੇ ਉਹ ਸ਼ੀਸ਼ੀ ਮਾਰੀਂ ਡਾਕਟਰ ਦੀ ਟਿੰਡ ਵਿੱਚ।

ਧੁੰਨਾ : ਡਾਕਟਰ ਨਾਲ ਤਾਂ ਫਿਰ ਵੇਖਾਂਗੇ (ਖੰਘਦਾ ਹੋਇਆ) ਤੂੰ ਏਦਾਂ ਕਰ, ਥੋੜ੍ਹੀ ਚਿਹੀ ਚਾਹ ਲਿਆ ਬਣਾ ਕੇ।

ਮਿੰਦਰੋ : ਕਿਥੋਂ ਲਿਆਵਾਂ ਚਾਹ ਪੱਤੀ ਤਾਂ ਕੱਲ੍ਹ ਸ਼ਾਮਾਂ ਦੀ ਖ਼ਤਮ ਹੋ ਗਈ ਸੀ।

ਧੁੰਨਾ : ਫੜ੍ਹ ਲਿਆਉਣੀ ਸੀ ਦੋ ਛਟਾਂਕਾਂ ਕਿਸ਼ਨੇ ਦੀ ਦੁਕਾਨੋਂ।

ਮਿੰਦਰੋ : ਬਿਨਾਂ ਪੈਸਿਆਂ ਉਹ ਚੜ੍ਹਣ ਦੇਂਦੈ ਅਪਣੀ ਹੱਟੀ 'ਤੇ, ਉਹਦੇ ਪਹਿਲਾਂ ਵੀ ਪੈਸੇ ਦੇਣੇ ਨੇ। ਜਦੋਂ ਵੀ ਉਹਦੀ ਹੱਟੀ 'ਤੇ ਜਾਨੇ ਆਂ ਤਾਂ ਭੈੜੀ ਜਿਹੀ ਬੂਥੀ ਬਣਾ ਕੇ ਤੇ ਗੈਂਡੇ ਵਰਗੀਆਂ ਅੱਖਾਂ ਬਣਾ ਕੇ ਕਹਿੰਦੈ—ਪਿਛਲਾ ਉਧਾਰ ਤਾਂ ਸਾਫ਼ ਕਰ ਦਿਉ। ਗਾਹਕਾਂ ਸਾਹਮਣੇ ਤਾਂ ਉਹਦੀ ਜ਼ੁਬਾਨ ਕੁੱਝ ਜ਼ਿਆਦਾ ਈ ਚਲਦੀ ਏ ਕੁਤਰ ਕੁਤਰ, ਦਿਲ ਕਰਦੈ ਕਿ ਪੈਸੇ ਹੋਣ ਤਾਂ ਠਾਹ ਮਾਰਾਂ ਉਹਦੀ ਨੱਕ 'ਤੇ।

ਧੁੰਨਾ : ਕਿਸ਼ਨੇ ਦੇ ਦਿਨ ਫਿਰ ਗਏ ਨੇ। ਜਦੋਂ ਸਾਡੇ ਮੁਹੱਲੇ ਆਇਆ ਸੀ, ਸਾਲੇ ਦੀ ਭੂਤਨੀ ਭੁੱਲੀ ਪਈ ਸੀ, ਪਰ ਅੱਜ ਉਹਦੀਆਂ ਨਜ਼ਰਾਂ ਈ ਬਦਲ ਗਈਆਂ ਨੇ। (ਗੱਲ ਪਲਟਦਾ ਹੋਇਆ) ਅਜੇ ਰਾਤ ਕਿੰਨੀ ਕੁ ਹੋਵੇਗੀ?



ਮਿੰਦਰੋ : ਲੋਅ ਲੱਗਣ ਈ ਵਾਲੀ ਏ। ਮੈਂ ਜਾਵਾਂ ਅੰਦਰ? ਘੜੀ ਸੌਂ ਲਵਾਂ, ਮੇਰੇ ਮੋਰ੍ਹ ਦੁੱਖਦੇ ਪਏ ਨੇ।

ਧੁੰਨਾ : ਚੰਗਾ ਸੌਂ ਲੈ, ਦਿਨ ਚੜ੍ਹਦੇ ਪੈਲੀ ਵਿੱਚੋਂ ਚੰਨਾ ਆਇਆ ਤਾਂ ਉਹਨੂੰ ਤੋਰੀਂ ਸੌਦਾ ਪੱਤਾ ਲੈਣ।

ਮਿੰਦਰੋ : ਤੋਰ ਦਿਆਂਗੀ, ਹੁਣ ਚੁੱਪ ਵੀ ਕਰੇਂਗਾ ਕਿ ਨਹੀਂ?

(ਮਿੰਦਰੋ ਅੰਦਰ ਚਲੀ ਜਾਂਦੀ ਹੈ)

ਧੁੰਨਾ : ਸਾਲੀ ਕਿੱਡੀ ਉਖੜੀ ਕੁਹਾੜੀ ਵਾਂਗੂੰ ਪੈਂਦੀ ਏ। (ਡੂੰਘੀ ਉਦਾਸੀ ਵਿੱਚ) ਕਾਹਦੀ ਜ਼ਿੰਦਗੀ ਏ? ਅਸੀਂ ਤਾਂ ਜੂਨ ਈ ਪੂਰੀ ਕਰਨ ਆਏ ਆਂ ਜੱਗ ਤੇ ਅਨਾਜ ਪੈਦਾ ਕਰਦਿਆਂ ਸਾਰੀ ਜ਼ਿੰਦਗੀ ਨੁਕਰੇ ਲਾ ਤੀ ਪਰ ਸਾਡੀ ਰੋਟੀ ਨਾ ਕਦੇ ਹੋਈ ਪੂਰੀ। (ਸੌਂ ਜਾਂਦਾ ਹੈ)

ਚੋਰ : (ਚੋਰ ਆਉਂਦਾ ਹੈ ਜਿਸ ਦੇ ਹੱਥ ਵਿੱਚ ਪਿਸਟਲ ਹੈ, ਉਸ ਨੇ ਮੂੰਹ ਦਾ ਕੁੱਝ ਹਿੱਸਾ ਕੱਪੜੇ ਨਾਲ ਢੱਕਿਆ ਹੋਇਆ ਹੈ ਅਤੇ ਅੱਖਾਂ ਨੰਗੀਆਂ ਹਨ, ਧੰਨਾ ਸੁਫ਼ਨੇ ਵਿੱਚ ਬੋਲੀ ਜਾਂਦਾ ਹੈ)

ਧੁੰਨਾ : (ਸੁਫ਼ਨੇ ਵਿੱਚ) ਠੀਕ ਏ ਟਾਹਲੀਆਂ ਤਾਂ ਮੈਂ ਵੇਚਣੀਆਂ ਨੇ ਹੀ। ਟਾਹਲੀਆਂ ਵੇਖ ਈ ਲਈਆਂ ਤੂੰ, ਪੂਰੇ ਇਲਾਕੇ 'ਚ ਇਵੇਂ ਦੀਆਂ ਟਾਹਲੀਆਂ ਨਹੀਂ ਲੱਭਣੀਆਂ ਕਾਲੀ ਲੱਕੜ ਵਾਲੀਆਂ। ਪੈਸੇ? ਪੂਰੇ ਤੀਹ ਹਜ਼ਾਰ ਲਵਾਂਗਾ ਗਿਣ ਕੇ, ਦਮੜੀ ਘੱਟ ਨਹੀਂ ਲੈਣੀ। ਗੱਲ ਸਾਫ਼ ਏ। ਨਾ ਕੋਈ ਵਿੰਗ ਨਾ ਤੜਿੰਗ। ਦਿਲ ਮੰਨਦੈ ਤਾਂ ਤੀਹ ਹਜ਼ਾਰ ਸੁੱਟ, ਨਹੀਂ ਤਾਂ ਔਹ ਜਾਂਦੈ ਤੇਰਾ ਰਾਹ ..... ਹਾਂ ਹਾਂ, ਤੀਹ ਹਜ਼ਾਰ ਈ ਲੈਣੇ ਨੇ।

ਚੋਰ : ਤੈਨੂੰ ਦਿਆਂ ਤੀਹ ਹਜ਼ਾਰ ਗਿਣ ਕੇ ..

(ਧੁੰਨੇ ਨੂੰ ਜਾਗ ਆ ਜਾਂਦੀ ਹੈ)

ਧੁੰਨਾ : (ਡਰਦੇ ਹੋਏ) ਕੌਣ?

ਚੋਰ : ਖ਼ਬਰਦਾਰ ! ਜੇ ਚੂੰ ਵੀ ਕੀਤੀ ਤਾਂ ਗੋਲੀ ਆਰ ਪਾਰ

ਧੁੰਨਾ : ਅੱਗੇ ਕਿਹੜਾ ਮੈਂ ਬੜਕਾਂ ਮਾਰਦਾਂ ਪਿਆ ! ਨਹੀਂ ਕਰਦਾ ਭਰਾਵਾ ਚੂੰ, ਲੰਘ ਜਾ ਅੰਦਰ ਲੈ ਜਾ ਪੰਡਾਂ ਬੰਨ੍ਹ ਕੇ।

ਚੋਰ : ਚੁੱਪ ! ਜ਼ਬਾਨ ਬੰਦ ਰੱਖ।

ਧੁੰਨਾ : ਠੀਕ ਏ ਭਰਾਵਾ, ਤੂੰ ਅਪਣਾ ਕੰਮ ਕਰ ਲੈ (ਚੋਰ ਅੰਦਰ ਜਾਂਦਾ ਹੈ) ਵਾਹ ਬਈ ਧੁੰਨਿਆ, ਤੇਰੇ ਘਰ ਕਿਹੜਾ ਕੋਹੇਨੂਰ ਹੀਰਾ ਆ ਗਿਐ, ਜਿਹਨੂੰ ਲੁੱਟਣ ਵਾਸਤੇ ਚੋਰ ਹੱਥ ਵਿੱਚ ਪਿਸਟਲ ਫੜ੍ਹੀ ਆ ਗਿਐ। ਸਾਨੂੰ ਤਾਂ ਇਥੇ ਦਿਨੇ ਨਹੀਂ ਕੁੱਝ ਲੱਭਦਾ, ਤੈਨੂੰ ਰਾਤ ਨੂੰ ਕਿਹੜਾ ਖ਼ਜ਼ਾਨਾ ਲੱਭ ਪਵੇਗਾ। ਚੋਰਾ ! ਤੂੰ ਵੀ ਯਾਦ ਕਰੇਂਗਾ ਕਿਸੇ ਘਰ ਚੋਰੀ ਕਰਨ ਗਿਆ ਸੀ।

(ਚੋਰ ਵਾਪਸ ਧੁੰਨੇ ਕੋਲ ਆਉਂਦਾ ਹੈ)
ਕਿਉਂ ਭਰਾਵਾ, ਜਲਦੀ ਆ ਗਿਐਂ? ਕੋਈ ਮਾਲ ਸ਼ਾਲ ਹੱਥ ਨਹੀਂ ਲੱਗਾ ?

ਚੋਰ : ਹੂੰ ! ਨੰਗਾਂ ਦਾ ਘਰ ! ਇਥੋਂ ਕੀ ਮਿਲਣੈਂ? ਇਸ ਘਰ 'ਚ ਤਾਂ ਸੁਆਹ ਵੀ ਨਹੀਂ।

ਧੁੰਨਾ : ਚੁੱਲਾ ਬਲੇਗਾ ਤਾਂ ਹੀ ਸੁਆਹ ਹੋਵੇਗੀ, ਜਿਹੜੀ ਮੁੱਠ ਹੁੰਦੀ ਏ ਉਹ ਭਾਂਡੇ ਮਾਂਜਣ ਤੇ ਲੱਗ ਜਾਂਦੀ ਏ। ਚਾਰ ਭਾਂਡੇ ਈ ਚੁੱਕ ਕੇ ਲੈ ਜਾ, ਤੇਰੇ ਫੇਰੇ ਦਾ ਕੁੱਝ ਮੁੱਲ ਪੈ ਜਾਏ।

ਚੋਰ : ਭਾਂਡੇ? ਕਿਹੜਾ ਸਿਰਫਿਰਾ ਅੱਜਕਲ੍ਹ ਭਾਂਡਿਆਂ ਦੀ ਚੋਰੀ ਕਰਦੈ? ਭਾਂਡੇ ਸਿਰ 'ਚ ਮਾਰਨੇ ਨੇ।ਗੱਲ ਨੋਟਾਂ ਦੀ ਏ ਸਾਰੀ

ਧੁੰਨਾ : ਐਥੋਂ ਤਾਂ ਤੈਨੂੰ ਪੰਜ-ਪੰਜ ਸੌ ਵਾਲੇ ਹੀ ਨੋਟ ਮਿਲਣਗੇ।

ਚੋਰ : ਜਿਸ ਘਰ ਭੰਗ ਭੁੱਜਦੀ ਹੋਵੇ ਉੱਥੇ ਨੋਟ ਕਿੱਥੋਂ ?

ਧੁੰਨਾ : ਚੰਗਾ ਭੰਗ ਈ ਲੈ ਜਾ।

ਚੋਰ : ਮੈਂ ਭੰਗੀ ਨਹੀਂ ਬੁੱਢਿਆ।

ਧੁੰਨਾ : ਚੱਲ ਕੰਗਾਲੀ ਹੀ ਲੈ ਜਾ, ਇਹ ਘੱਟ ਜਾਏ ਤਾਂ ਅਸੀਂ ਵੀ ਕੋਈ ਚੰਗਾ ਦਿਨ ਵੇਖ ਲਈਏ।

ਚੋਰ : ਮੈਂ ਖ਼ੁਦ ਕੰਗਾਲ ਆਂ।

ਧੁੰਨਾ : ਭੁੱਖ ਈ ਲੈ ਜਾ।

ਚੋਰ : ਮੈਂ ਖ਼ੁਦ ਭੁੱਖਾਂ ਦਾ ਮਾਰਿਆ ਫਿਰਦਾਂ।

ਧੁੰਨਾ : ਤੂੰ ਤਾਂ ਅਮੀਰ ਜਾਪਦੈਂ ਭਰਾਵਾ।

ਚੋਰ : ਕਿਹੜਾ ਖੋਤੇ ਦਾ ਖੁਰ ਮੈਨੂੰ ਅਮੀਰ ਕਹਿੰਦੈ?

ਧੁੰਨਾ : ਤੇਰਾ ਪਿਸਟਲ ਵੇਖ ਕੇ ਇੰਜ ਈ ਜਾਪਦੈ। ਕਿੰਨੇ ਕੁ ਦਾ ਹੋਏਗਾ ਤੇਰਾ ਆਹ ਪਿਸਟਲ ?

ਚੋਰ : ਪਿਸਟਲ? (ਹੱਸਦਾ ਹੈ) ਵੀਹ ਰੁਪਏ ਦਾ, ਖਿਡੌਣਾ ਹੈ ਖਿਡੌਣਾ। ਪਰ ਇਸ ਖਿਡੌਣੇ ਨਾਲ ਅਸਲੀ ਪਿਸਟਲ ਜ਼ਰੂਰ ਲੁੱਟਾਂਗਾ।(ਧੰਨਾ ਖੰਘਦਾ ਹੈ) ਬਿਮਾਰ ਏਂ?

ਧੁੰਨਾ : ਆਹੋ ਭਰਾਵਾ, ਜਾਂਦਾ-ਜਾਂਦਾ ਬਿਮਾਰੀ ਈ ਇਸ ਘਰੋਂ ਲੈ ਜਾ।

ਚੋਰ : ਤੇਰੇ ਅਕਲ ਦੇ ਗੇੜੇ ਪੱਠੇ ਪਏ ਚਲਦੇ ਨੇ।ਮੇਰੀ ਮਾਂ ਬਿਮਾਰ ਏ, ਹਾਲਤ ਬਹੁਤੀ ਖਰਾਬ ਏ, ਉਹਨੂੰ ਸ਼ਹਿਰ ਦੇ ਡਾਕਟਰ ਕੋਲ ਲੈ ਕੇ ਜਾਣਾ ਪੈਣੈ। ਮਾਂ ਦਾ ਓਪਰੇਸ਼ਨ ਕਰੌਣਾ ਪਵੇਗਾ, ਮੈਨੂੰ ਪੰਜਾਹ ਹਜ਼ਾਰ ਦੀ ਡਾਢੀ ਲੋੜ ਏ।

ਧੁੰਨਾ : ਤੂੰ ਕੋਈ ਕੰਮ ਧੰਦਾ ਨਹੀਂ ਕਰਦਾ?

ਚੋਰ : ਬਥੇਰੇ ਪਾਪੜ ਵੇਲ ਵੇਲ ਵੇਖ ਲਏ ਪਰ ਸਾਡੇ 'ਤੇ ਕਰਜ਼ੇ ਦੀ ਤਲਵਾਰ



ਲਟਕਦੀ ਰਹੀ। ਸਾਡਾ ਪਿਓ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਫੱਟੇ 'ਤੇ ਜਾ ਪਿਐ। ਮਾਂ ਦੀ ਬਿਮਾਰੀ ਪਿੰਡ ਦੇ ਡਾਕਟਰਾਂ ਤੋਂ ਕਾਬੂ ਨਹੀਂ ਆਈ। ਹੁਣ ਦੱਸ ਮੈਂ ਚੋਰੀ ਨਾ ਕਰਾਂ ਤਾਂ ਹੋਰ ਕੀ ਕਰਾਂ?

ਧੁੰਨਾ : ਮੈਂ ਵੀ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਇਹਨਾਂ ਦਿਨਾਂ 'ਤੇ ਆ ਗਿਆਂ। ਸੋਚਿਆ ਸੀ ਸਾਡੇ ਦਿਨ ਵੀ ਫਿਰਨਗੇ।

ਚੋਰ : (ਮਖੌਲ ਕਰਦਾ ਹੋਇਆ) ਆਹੋ ਤੇਰੇ ਦਿਨ ਜ਼ਰੂਰ ਫਿਰਨਗੇ ਨਾਲ ਲੱਗਦੇ ਰਾਤਾਂ ਵੀ ਫਿਰਨਗੀਆਂ ਮੰਜੇ 'ਤੇ ਪਏ ਪਏ ਦੀਆਂ! ਮੈਂ ਚੱਲਿਆਂ, ਕਿੰਨਾ ਕੀਮਤੀ ਵਕਤ ਬਰਬਾਦ ਕਰ ਲਿਐ, ਭੁਲੇਖੇ ਨਾਲ ਇਸ ਘਰ 'ਚ ਆ ਗਿਆਂ।

ਧੁੰਨਾ : ਭਰਾਵਾ, ਜਾਂਦਾ-ਜਾਂਦਾ ਇਹ ਜ਼ਰੂਰ ਦੱਸ ਜਾ ਬੰਦੇ ਦੇ ਦਿਨ ਕਿਵੇਂ ਫਿਰ ਸਕਦੇ ਨੇ?

ਚੋਰ : (ਪਿਸਟਲ ਵਿਖਾਉਂਦਾ ਹੋਇਆ) ਇਹਦੇ ਨਾਲ।
(ਮਿੰਦਰੋ ਆਉਂਦੀ ਹੈ ਅਤੇ ਚੋਰ ਨੂੰ ਵੇਖ ਕੇ ਡਰ ਜਾਂਦੀ ਹੈ। ਚੋਰ ਬਾਹਰ ਚਲੇ ਜਾਂਦਾ ਹੈ)

ਮਿੰਦਰੋ : (ਡਰੀ ਆਵਾਜ਼ ਵਿੱਚ) ਉਹ ਬੰਦਾ ਚੋਰ ਸੀ?

ਧੁੰਨਾ : ਆਹੋ ਚੋਰ ਸੀ।

ਮਿੰਦਰੋ : ਉਹਨੇ ਮੈਨੂੰ ਵੇਖਿਆ ਈ ਸੀ ਤੇ ਉਹ ਡਰ ਕੇ ਦੌੜ ਗਿਆ।

ਧੁੰਨਾ : (ਮਖੌਲ ਨਾਲ) ਆਹੋ ਤੇਰੇ ਕੋਲੋਂ ਡਰ ਕੇ ਦੌੜ ਗਿਐ। ਚੋਰ ਨੂੰ ਪਤਾ ਲੱਗ ਗਿਆ ਸੀ ਝਾਂਸੀ ਦੀ ਰਾਣੀ ਸ਼ਾਸਤਰਾਂ ਨਾਲ ਲੈਸ ਹੋ ਕੇ ਮੈਦਾਨੇ ਜੰਗ ਆਈ ਏ !

ਮਿੰਦਰੋ : ਗੱਲ ਨੂੰ ਮਖ਼ੌਲ ਵਿੱਚ ਨਾ ਪਾ, ਸਾਡੀ ਕੋਈ ਚੀਜ਼ ਤਾਂ ਨਹੀਂ ਚੁੱਕ ਕੇ ਲੈ ਗਿਆ?

ਧੁੰਨਾ : ਤੇਰੇ ਗਲੇ ਦਾ ਨੌਂ ਲੱਖਾ ਹਾਰ ਲਾਹ ਕੇ ਲੈ ਗਿਐ। ਆਪਣੇ ਆਪ ਨੂੰ ਕਿੱਡੀ ਰਾਣੀ ਸੁੰਦਰਾਂ ਸਮਝਦੀ ਏ !

ਮਿੰਦਰੋ : ਰਾਣੀ ਤਾਂ ਉਸੇ ਦਿਨ ਬਣ ਗਈ ਸੀ ਜਿਸ ਦਿਨ ਰਾਜੇ ਨਾਲ ਵਿਆਹੀ ਗਈ ਸੀ।

ਧੁੰਨਾ : ਮੈਂ ਵੀ ਰਾਜਾ ਬਣ ਸਕਣਾਂ, ਬਸ ਨਵਾਂ ਰੂਪ ਧਾਰਨ ਦੀ ਲੋੜ ਏ।

ਮਿੰਦਰੋ : ਜਦ ਖਊਂ-ਖਊਂ ਕਰਦੈਂ ਤਾਂ ਮੂੰਹ ਤੇ ਨਵਾਂ ਈ ਰੂਪ ਚੜ੍ਹ-ਚੜ੍ਹ ਆਉਂਦੈ ਰਾਜਿਆਂ ਵਾਂਗ।

ਧੁੰਨਾ : ਉਹ ਚੋਰ ਜਾਂਦਾ-ਜਾਂਦਾ ਤਰੀਕਾ ਦੱਸ ਗਿਐ ਕਿ ਬੰਦਾ ਅਮੀਰ ਕਿਵੇਂ ਹੋ ਸਕਦੈ?

ਮਿੰਦਰੋ : (ਹੈਰਾਨੀ ਵਿੱਚ) ਕਿਵੇਂ?

ਚੋਰ : ਚੋਰ ਬਣ ਕੇ।

ਮਿੰਦਰੋ : ਐਹੋ ਇੱਕ ਕੰਮ ਰਹਿ ਗਿਆ ਸੀ ਕਰਨ ਵਾਲਾ ! ਇਹ ਵੀ ਕਰ ਲੈ, ਚੰਗੀ ਇੱਜ਼ਤ ਬਣੇਗੀ ਤੇਰੀ !

ਧੁੰਨਾ : ਅੱਗੇ ਤਾਂ ਮੇਰੇ ਸੱਤਵੇਂ ਅਸਮਾਨ ਵਿੱਚ ਝੰਡੇ ਝੂਲਦੇ ਪਏ ਨੇ ਜਿਹੜਾ ਇੱਜ਼ਤ ਵਿੱਚ ਫ਼ਰਕ ਪੈ ਚੱਲਿਐ।

ਮਿੰਦਰੋ : ਚੋਰ ਦੀ ਜ਼ਿੰਦਗੀ ਲੱਖ ਲਾਹਣਤ ਏ ਇਵੇਂ ਦੀ ਜ਼ਿੰਦਗੀ।

ਧੁੰਨਾ : ਤੇ ਲੱਖ ਸ਼ਾਬਾਸ਼ ਏ ਤੇਰੇ ਮੇਰੇ ਵਰਗਿਆਂ ਦੀ ਜ਼ਿੰਦਗੀ ਦਾ। ਸਾਰੀ ਜ਼ਿੰਦਗੀ ਨਿਕਲ ਚੱਲੀ ਏ, ਚਾਰ ਇੱਟਾਂ ਨਹੀਂ ਲਾ ਸਕਿਆ ਇਸ ਘਰ ’ਚ ਕਿਤੇ। ਇਹ ਕੋਠੜੀ ਸਾਡੇ ਬਾਬੇ ਦੀ ਬਣਾਈ ਹੋਈ ਏ ਜਦ ਜ਼ਮਾਨੇ ਭਲੇ ਸੀ, ਹੁਣ ਤਾਂ ਜਿਹੜੀ ਇੱਟ ਘਰ ਦੀ ਉਤਰਦੀ ਏ, ਉਹ ਮੁੜ ਕੇ ਸਾਡੇ ਤੋਂ ਨਹੀਂ ਲੱਗਦੀ।

ਮਿੰਦਰੋ : ਆਹ ਸਭ ਕਰਮਾਂ ਦੀ ਖੇਡ ਏ, ਕਿਸੇ ਜਨਮ ’ਚ ਮਾੜੇ ਕਰਮ ਕਰ ਬੈਠੇ ਆਂ ਜਿਹਦਾ ਫਲ ਭੁਗਤਦੇ ਪਏ ਆਂ। ਸਾਰਾ ਦਿਨ ਕੋਹਲੂ ਦੇ ਬੈਲ ਵਾਲੀ ਹਾਲਤ ਏ ਸਾਡੀ ਇਸ ਘਰੇ ਆ ਕੇ ਦੇਹ ਰੋਲ ਲਈ ਪਰ ਨਾ ਹਾੜ ਹਰੇ ਨਾ ਸਾਉਣ ਸੁੱਕੇ। ਕਰਮ ਜੁ ਖੋਟੇ ਸੀ

ਧੁੰਨਾ : ਤੂੰ ਕਰਮ ਸੰਵਾਰਨ ਗਈ ਤਾਂ ਸੀ ਜੋਤਸ਼ੀ ਕੋਲ। ਬਾਰਾਂ ਸੌ ਰੁਪਿਆ ਸੁੱਟ ਤਾ ਉਪਾਅ ਕਰੌਣ ਤੇ। ਜੋਤਸ਼ੀ ਐਡਾ ਖਚਰਾ ਏ ਕਿ ਅੱਖਾਂ ਨਾਲ ਗੱਲਾਂ ਕਰੀ ਜਾਂਦੈ। ਤੈਨੂੰ ਮੈਂ ਬਥੇਰਾ ਸਮਝਾਇਆ ਕਿ ਕੋਈ ਫੈਦਾ ਨਹੀਂ ਹੋਣਾ ਜੋਤਸ਼ੀ ਕੋਲ ਜਾਇਆਂ ਪਰ ਤੂੰ......ਮੱਛੀ ਪੱਥਰ ਚੱਟ ਕੇ ਹੀ ਵਾਪਸ ਮੁੜਦੀ ਏ।

ਮਿੰਦਰੋ : ਬੰਦਾ ਹੱਥ ਪੈਰ ਤਾਂ ਮਾਰਦਾ ਈ ਏ ਕਿਤੇ ਸਾਡੀ ਕਿਸਮਤ ਨੂੰ ਮੋੜਾ ਪੈ ਜਾਏ।

ਧੁੰਨਾ : ਨਾਲੇ ਕਹਿਣੀ ਏ ਜੋ ਲਿਖਿਆ ਗਿਆ ਉਹਨੂੰ ਕੋਈ ਮੇਟ ਨਹੀਂ ਸਕਦਾ ਤੇ ਜੋਤਸ਼ੀ ਕਿਵੇਂ ਮੇਟ ਲਏਗਾ ਹੱਥਾਂ ਦੀਆਂ ਲਕੀਰਾਂ ਨੂੰ? ਸਾਡੀ ਕਿਸਮਤ ਵਿੱਚ ਧੱਕੇ ਲਿਖੇ ਨੇ, ਉਹ ਖਾਣੇ ਈ ਪੈਣੇ ਨੇ। ਉਹ ਜੋਤਸ਼ੀ ਐਵੇਂ ਰਾਮ ਰਾਮ ਪਿਆ ਕਰਦੈ, ਅਸਲ ਵਿੱਚ ਉਹ ਚੋਰ ਏ ਚੋਰ।

ਮਿੰਦਰੋ : ਤੈਨੂੰ ਤਾਂ ਸਾਰੇ ਚੋਰ ਈ ਨਜ਼ਰ ਆਉਂਦੇ ਨੇ, ਇੱਕ ਤੂੰ ਹੀ ਕੱਲਾ ਸਾਧ ਰਹਿ ਗਿਐ।

ਧੁੰਨਾ : ਮੈਨੂੰ ਸਾਧ ਨਾ ਬਣਾ, ਆਮ ਬੰਦਾ ਈ ਰਹਿਣ ਦੇ।

ਮਿੰਦਰੋ : ਤੂੰ ਬੰਦਾ ਬਣ ਕੇ ਤਾਂ ਵਿਖਾ। ਜਿਹੜਾ ਬੰਦਾ ਚੌਵੀ ਘੰਟੇ ਕਦੇ ਜੋਤਸ਼ੀਆਂ ਨੂੰ ਤੇ ਕਦੇ ਸ਼ਾਹਾਂ ਨੂੰ ਗਾਹਲਾਂ ਕੱਢੀ ਜਾਂਦੈ, ਤਾਹਿਓਂ ਉਹ ਭੁੱਖਾ ਮਰਦੈ।

ਧੁੰਨਾ : ਅਪਣੇ ਵੱਲ ਕਦੇ ਝਾਤੀ ਮਾਰੀ ਏ, ਸਿੱਖਿਆ ਮੈਨੂੰ ਦੇਂਦੀ ਏਂ। ਤੂੰ ਰੋਜ਼ ਆਟਾ ਲੈ ਕੇ ਗੁਰਦੁਆਰੇ ਮੱਥਾ ਟੇਕਣ ਜਾਂਦੀ ਏ, ਉਥੇ ਅੱਖਾਂ ਮੀਟ ਕੇ



ਬਹਿ ਜਾਂਦੀ ਏ ਤੇ ਦੋ ਲਾਈਨਾਂ ਨਹੀਂ ਤੈਨੂੰ ਆਉਂਦੀਆਂ ਸੁਖਮਨੀ ਸਾਹਿਬ ਦੀਆਂ। ਮੋਟੀ ਗੋਗੜ ਵਾਲਾ ਭਾਈ ਜਦੋਂ ਤੁਰਦੈ, ਉਹਦੇ ਸਰੀਰ ਨੂੰ ਝੋਲ ਪੈਂਦੀ ਏ, ਪਾਠ ਕਰਦਾ ਕਰਦਾ ਈ ਸੌਂ ਜਾਂਦੇ ਗੁਰੂ ਗਰੰਥ ਸਾਹਿਬ ਤੇ, ਦੋ ਵਾਰੀ ਫੜਿਆ ਗਿਐ, ਮਾਫੀ ਮੰਗ ਕੇ ਖਲਾਸੀ ਕਰਾਈ ਉਹਨੇ। ਤੇਰੇ ਜਿਹੀਆਂ ਔਰਤਾਂ ਉਹਨੂੰ ਵੀ ਬਾਬਾ ਜੀ, ਬਾਬਾ ਜੀ ਕਹਿ ਕੇ ਹੱਥ ਜੋੜ ਕੇ ਸਾਸਰੀ ਕਾਲ ਬੋਲਦੀਆਂ ਨੇ। ਇਵੇਂ ਦੇ ਬਾਬਿਆਂ ਤੇ ਜੋਤਸ਼ੀਆਂ ਨਾਲੋਂ ਤਾਂ ਉਹ ਚੋਰ ਹੀ ਚੰਗਾ ਸੀ।

ਮਿੰਦਰੋ : ਉਹ ਮਰ ਜਾਣਾ ਕਿਵੇਂ ਚੰਗਾ ਸੀ ਜਿਹੜਾ ਰਾਤ ਨੂੰ ਲੋਕਾਂ ਨੂੰ ਡਰਾਉਂਦਾ ਫਿਰਦੈ। ਆਪ ਤਾਂ ਉਹਨੂੰ ਕੋਈ ਸ਼ਾਂਤੀ ਨਹੀਂ, ਸਗੋਂ ਲੋਕਾਂ ਦੀ ਨੀਂਦ ਵੀ ਹਰਾਮ ਕਰੀ ਫਿਰਦੈ।

ਧੁੰਨਾ : ਉਹ ਮਜ਼ਬੂਰੀ ਦਾ ਮਾਰਿਆ ਚੋਰੀ ਕਰਦਾ ਪਿਐ, ਕੋਈ ਮਹਿਲ ਚੁਬਾਰੇ ਖੜ੍ਹੇ ਕਰਨ ਲਈ ਨਹੀਂ ਚੋਰ ਬਣਿਐ। ਉਹਦੀ ਮਾਂ ਬਿਮਾਰ ਏ, ਜਿਹਦਾ ਅਪਰੇਸ਼ਨ ਸ਼ਹਿਰ ਹੋਣਾ ਏ। ਤੂੰ ਆਹ ਦੱਸ ਜੇ ਉਹ ਚੋਰੀ ਨਾ ਕਰੇ ਤਾਂ ਹੋਰ ਮਾਂ ਨੂੰ ਮਰਨ ਦੇਵੇ ਰੱਬ ਆਸਰੇ ਛੱਡ ਕੇ। ਇਸ ਕਰਕੇ ਮੈਂ ਕਹਿਣਾਂ ਉਸ ਰਾਤ ਦੇ ਚੋਰ ਨਾਲੋਂ ਦਿਨ ਦੇ ਚੋਰ ਵੱਧ ਖ਼ਤਰਨਾਕ ਹੁੰਦੇ ਨੇ।(ਜਿੰਦਰ ਪਾਹੜੂ ਆਉਂਦਾ ਹੈ )

ਮਿੰਦਰੋ : (ਧੁੰਨਾ ਸਿੰਘ ਦੀ ਗੱਲ ਤੋਂ ਹੈਰਾਨ ਹੋ ਕੇ) ਦਿਨ ਦੇ ਚੋਰ, ਰਾਤ ਦੇ ਚੋਰ? ਇਹ ਕੀ ਯਬਲੀਆਂ ਮਾਰੀ ਜਾਂਦੈ।

ਧੁੰਨਾ : ਜਿੰਦਰ ਪਾਹੜੂ ਆ ਗਿਐ ਬਈ ਸਵੇਰੇ ਸਵੇਰੇ, (ਜਿੰਦਰ ਨੂੰ) ਅਪਣੀ ਤਾਈ ਨੂੰ ਦੱਸ ਕੀ ਫਰਕ ਹੁੰਦੈ ਦਿਨ ਦੇ ਚੋਰਾਂ ਤੇ ਰਾਤ ਦੇ ਚੋਰਾਂ ਵਿੱਚ।

ਜਿੰਦਰ : ਅੱਖੀਂ ਤੱਕੀ ਗੱਲ ਦਸਣਾਂ ਤੁਹਾਨੂੰ। ਕਲ੍ਹ ਈਨੋਵਾਲ ਦੇ ਇੱਕ ਘਰ ’ਚ ਚੋਰ ਵੜ ਗਿਐ। ਬੜੇ ਪੋਲੇ ਪੋਲੇ ਕਦਮ ਧਰਦਾ ਇੱਕ ਕਮਰੇ ਕੋਲ ਪਹੁੰਚ ਗਿਆ, ਬਾਹਰ ਉਹਦੇ ਤਿੰਨ ਸਾਥੀ ਖੜ੍ਹੇ ਸੀ, ਉਹਨਾਂ ਨੂੰ ਵੀ ਉਹਨੇ ਇਸ਼ਾਰਾ ਕਰਤਾ ਅੰਦਰ ਆਉਣ ਦਾ।

ਮਿੰਦਰੋ : ਮੇਰਾ ਤਾਂ ਦਿਲ ਡਰੀ ਜਾਂਦੈ ਤੇਰੀ ਗੱਲ ਸੁਣ ਕੇ, ਅੱਛਾ ਫੇਰ ਕੀ ਹੋਇਆ? ਚੋਰ ਚੋਰੀ ਕਰਕੇ ਚਲੇ ਗਏ ਕਿ ਫੜੇ ਗਏ?

ਜਿੰਦਰ : ਚੋਰਾਂ ਨੇ ਕੰਧ ਨੂੰ ਸੰਨ੍ਹ ਲਾਹ ਕੇ ਕੰਧ ਪਾੜ ਤੀ। ਇੱਕ ਚੋਰ ਜਦੋਂ ਅੰਦਰ ਵੜਣ ਲੱਗਾ ਤਾਂ ਘਰ ਦੇ ਪਹਿਲਾਂ ਤਿਆਰ ਸੀ ਉਹਦੀ ਆਉਭਗਤ ਕਰਨ ਵਾਸਤੇ, ਘਰ ਦਿਆਂ ਉਹਨੂੰ ਵਾਲਾਂ ਤੋਂ ਫੜ੍ਹ ਲਿਆ ਤੇ ਲੱਗੇ ਅੰਦਰ ਖਿੱਚਣ ਤੇ ਚੋਰ ਦੇ ਤਿੰਨੇ ਸਾਥੀ ਬਾਹਰ ਨੂੰ ਖਿੱਚਣ, ਚੋਰ ਅੱਧ ਵਿਚਾਲੇ ਲਟਕ ਗਿਆ।

ਮਿੰਦਰੋ : ਚੋਰ ਦੇ ਸਿਰ ’ਚ ਠਾਹ ਠਾਹ ਛਿੱਤਰਾਂ ਦੀ ਬਰਸਾਤ ਹੋਈ..... ਚੋਰ ਨਾਲ ਇਵੇਂ ਈ ਹੋਣਾ ਚਾਹੀਦਾ ਸੀ, ਜੋ ਹੋਇਆ ਸੋ ਚੰਗਾ ਹੋਇਆ।

ਫੇਰ ਕੀ ਹੋਇਆ?

ਜਿੰਦਰ : ਘਰ ਦਿਆਂ ਦੇ ਰੌਲਾ ਪਾਉਣ ਤੇ ਬਾਕੀ ਤਿੰਨ ਚੋਰ ਤਾਂ ਦੌੜ ਗਏ, ਜਿਹੜਾ ਹਾਲ ਉਸ ਚੋਰ ਦਾ ਹੋਇਆ, ਰੱਬ ਕਿਸੇ ਨਾਲ ਨਾ ਕਰਾਏ। ਦੂਜੇ ਦਿਨ ਚੋਰ ਨੇ ਬਾਕੀ ਤਿੰਨਾਂ ਚੋਰਾਂ ਦੇ ਨਾਂ ਦੱਸ ਕੇ ਸਾਰੇ ਈ ਫੜਾ ਦਿੱਤੇ। ਪੰਚਾਇਤ ਨੇ ਇੱਕ ਤਾਂ ਜੁਰਮਾਨਾ ਕੀਤਾ ਤੇ ਦੂਸਰਾ ਪਵਾ ਕੇ ਘੱਗਰੀਆਂ ਸਾਰੇ ਪਿੰਡ ’ਚ ਉਹਨਾਂ ਦੀ ਲੈਫਟ ਰਾਈਟ ਲੈਫਟ ਰਾਈਟ ਕਰਵਾ ਦਿੱਤੀ।

ਮਿੰਦਰੋ : ਚੰਗਾ ਕੀਤਾ ਪੰਚੈਤ ਨੇ, ਚੰਗਾ ਅਨਾਮ ਮਿਲਿਆ ਚੋਰੀ ਕਰਨ ਦਾ। ਹੁਣ ਕਿਧਰੇ ਮੂੰਹ ਵਿਖੌਣ ਜੋਗੇ ਤਾਂ ਨਹੀਂ ਰਹੇ।

ਧੁੰਨਾ : ਪਰ ਕਦੇ ਕਿਸੇ ਚੋਰਾਂ ਕੋਲੋਂ ਪੁੱਛਿਆ ਏ ਬਈ ਉਹ ਰਾਤਾਂ ਨੂੰ ਚੋਰੀਆਂ ਕਿਉਂ ਕਰਦੇ ਨੇ। ਉਹ ਚੋਰ ਤਾਂ ਕਾਬੂ ਆ ਗਏ ਪਰ ਦਿਨ ਦੇ ਚੋਰ ਇਵੇਂ ਤੁਰੇ ਫਿਰਦੇ ਨੇ ਹਿੱਕ ਕਢ ਕੇ ਜਿਵੇਂ ਨਾਢੂ ਖ਼ਾਂ ਦੇ ਸਾਲੇ ਹੋਣ।

ਮਿੰਦਰੋ : ਤਾਈ, ਗੱਲ ਤਾਏ ਦੀ ਵੀ ਵਿਚਾਰਨ ਵਾਲੀ ਏ। ਬੜੇ ਲੋਕ ਨੇ ਜੋ ਬਾਹਰੋਂ ਬਗਲਿਆਂ ਵਾਂਗ ਚਿੱਟ ਕੱਪੜੀਏ ਨੇ ਵਿੱਚੋਂ ਕਾਂ। ਆਮ ਬੰਦੇ ਦੇ ਗਲ ਵਿੱਚ ਐਸੀ ਫਾਹੀ ਪਾਉਂਦੇ ਨੇ ਕਿ ਬੰਦਾ ਇਹਨਾਂ ਦੇ ਚੱਕਰਵਿਊ ’ਚੋਂ ਨਿਕਲ ਹੀ ਨਹੀਂ ਸਕਦਾ। (ਗ਼ੁੱਸੇ ਵਿੱਚ, ਆਹ ਦਿਨ ਦੇ ਚੋਰ ਤਾਂ ਸਾਰੀ ਉਮਰ ਗ਼ਰੀਬਾਂ ਦਾ ਖ਼ੂਨ ਪੀਂਦੇ ਨੇ ਫਿਰ ਵੀ ਇਹਨਾਂ ਦੀ ਪਿਆਸ ਨਹੀਂ ਬੁੱਝਦੀ। ਜਦ ਉਹ ਹੱਸ ਕੇ ਬੋਲਦੇ ਨੇ ਤਾਂ ਮੈਨੂੰ ਇੰਜ ਜਾਪਦੈ ਜਿਵੇਂ ਇਹਨਾਂ ਦੇ ਹਾਸਿਆਂ ਵਿੱਚੋਂ ਸਾਡੀਆਂ ਚੀਕਾਂ ਪੈਦਾ ਹੋਣਗੀਆਂ। ਮੇਰਾ ਤਾਂ ਦਿਲ ਕਰਦੇ ਇਹਨਾਂ ਦਿਨ ਦੇ ਚੋਰਾਂ ਨੂੰ ਗੋਲੀ ਵਿੱਚੋਂ ਲੰਘਾ ਦਿਆਂ।

ਮਿੰਦਰੋ : (ਖਿੱਝਕੇ) ਤੇਰਾ ਦਿਮਾਗ਼ ਵੀ ਉਲਟੀਆਂ ਪਲਟੀਆਂ ਮਾਰਨ ਲੱਗ ਪਿਆ ਜਾਪਦੈ। ਤੂੰ ਇਵੇਂ ਬੋਲਦਾ ਰਿਹਾ ਤਾਂ ਪੱਕਾ ਪਾਗ਼ਲ ਹੋ ਜਾਵੇਗਾ।

ਧੁੰਨਾ : ਨਹੀਂ, ਪਾਗਲਖਾਨੇ ਭੇਜਣ ਦੀ ਤੈਨੂੰ ਲੋੜ ਪਵੇਗੀ।

ਮਿੰਦਰੋ : (ਕੜਕ ਕੇ) ਮੈਨੂੰ? ਜਿੰਦਰ, ਆਹ ਸੁਣ ਲੈ ਗੱਲਾਂ। ਮੈਨੂੰ ਦੱਸ ਕੌਣ ਹੁੰਦੇ ਨੇ ਦਿਨ ਦੇ ਚੋਰ?

ਧੁੰਨਾ : ਦਸਦਾਂ ਦਸਦਾਂ, (ਖੰਘ ਛਿੜ ਪੈਂਦੀ ਹੈ)

ਮਿੰਦਰੋ : ਹਰ ਕਿਸੇ ਦੇ ਉਲਟ ਬੋਲ ਕੇ ਉਹਨਾਂ ਦੇ ਪਾਪ ਧੋਣਾ ਵੇਂ, ਤਾਂ ਹੀ ਤਾਂ ਤੈਨੂੰ ਖੰਘ ਨਹੀਂ ਛੱਡਦੀ।

ਧੁੰਨਾ : (ਗਲਾ ਸਾਫ਼ ਕਰਦਾ ਹੋਇਆ) ਆਹ ਸੁਣ ਲਉ, ਕਿੱਡੀ ਅਕਲ ਦੀ ਗੱਲ ਸੁਣਾਈ ਏ !

ਜਿੰਦਰ : ਤਾਈ, ਮੈਂ ਦਸਣਾਂ ਦਿਨ ਦੇ ਚੋਰ। ਇਹ ਤਾਂ ਸਾਡੇ ਆਸੇ ਪਾਸ ਹਰਲ ਹਰਲ ਕਰਦੇ ਫਿਰਦੇ ਨੇ। ਇਹਨਾਂ ਨੂੰ ਪਛਾਨਣ ਵਾਸਤੇ ਅਕਲ ਵਾਲੀ



ਅੱਖ ਦੀ ਲੋੜ ਏ। ਆਪਣੇ ਮੁਹੱਲੇ ਦਾ ਤਿਲਕਾ ਤਕੜਾ ਚੋਰ ਏ।

ਮਿੰਦਰੋ : ਤਿਲਕਾ? ਉਹ ਚੋਰ ਵੇ?

ਧੁੰਨਾ : ਹੋਰ ਤੂੰ ਉਹਨੂੰ ਸਾਧ ਸਮਝੀ ਬੈਠੀ ਏਂ। ਮਿੱਟੀ ਦੇ ਤੇਲ ਦੇ ਡੀਪੂ ਤੇ ਕਿਵੇਂ ਐਨੀ ਵੱਡੀ ਕੋਠੀ ਬਣ ਗਈ ਉਹਦੀ?

ਮਿੰਦਰੋ : ਤੇਲ ਵੇਚ ਕੇ ਹੋਰ ਕਿਵੇਂ।

ਜਿੰਦਰ : ਨਹੀਂ ਤਾਈ, ਤੇਲ ਵੇਚਦਾ ਤਾਂ ਮਾੜੀ ਮੋਟੀ ਰੋਟੀ ਉਹਦੀ ਪੂਰੀ ਹੁੰਦੀ। ਰੋਜ਼ ਸ਼ਰਾਬਾਂ ਨਾ ਪੀਂਦਾ ਮਹਿਫਲਾਂ ਵਿੱਚ ਤੇ ਨਾ ਹੀ ਬੱਕਰੇ ਬੁਲਾਂਦਾ।

ਧੁੰਨਾ : ਸਾਲਾ ਮੇਰਾ ਸਾਰੀ ਦੁਨੀਆਂ ਲੁੱਟ ਕੇ ਦਾਨੀ ਬਨਿਆ ਫਿਰਦੈ। ਪਰਸੋਂ ਕਿਸੇ ਕਲੱਬ ਨੇ ਗਰੀਬਾਂ ਨੂੰ ਮਾੜੇ ਮੋਟੇ ਕੱਪੜੇ ਵੰਡੇ, ਉਹਨਾਂ ਤਿਲਕੇ ਨੂੰ ਸੱਦ ਕੇ ਇਹਦੇ ਗਲ ’ਚ ਹਾਰ ਪਾਇਆ ਤੇ ਨਾਲੇ ਫੀਤਾ ਕਟਾਇਆ। ਉਹਦੇ ਗਲ ਵਿੱਚ ਟੁੱਟੇ ਛਿੱਤਰਾਂ ਦਾ ਹਾਰ ਚਾਹੀਦਾ ਸੀ।

ਮਿੰਦਰੋ : ਕੋਈ ਚੰਗਾ ਕੰਮ ਕਰਦਾ ਏ ਤਾਂ ਹੀ ਤਾਂ ਹਾਰ ਪਾਉਂਦੈ ਕੋਈ ਗਲ ’ਚ, ਤੇਰੈਂ ਕਿਉਂ ਨਹੀਂ ਪੈ ਜਾਂਦੇ ਹਾਰ?

ਜਿੰਦਰ : ਤਿਲਕਾ ਅਪਣੇ ਕੋਟੇ ਦੇ ਤੇਲ ਵਿੱਚੋਂ ਅੱਧਾ ਤੇਲ ਦੂਣੇ ਰੇਟ ’ਤੇ ਬਲੈਕ ਕਰਦੈ ਪਟਰੋਲ ਪੰਪ ਵਾਲਿਆਂ ਨੂੰ। ਪੈਟਰੋਲ ਪੰਪ ਵਾਲੇ ਮਿੱਟੀ ਦਾ ਤੇਲ ਸੁੱਟ ਕੇ ਪੈਟਰੋਲ ਵਿੱਚ ਦਸ ਗੁਣਾ ਵੱਧ ਮੁਨਾਫ਼ਾ ਕਮਾਉਂਦੇ ਨੇ। ਚੌਥੇ ਦਿਨ ਨਵੀਂ ਕਾਰ ਲਿਆ ਕੇ ਸੜਕਾਂ ’ਤੇ ਮਿੱਟੀ ਘੱਟਾ ਉਡਾ ਕੇ ਸਾਡੇ ਸਿਰ ਵਿੱਚ ਪਾਈ ਜਾਂਦੇ ਨੇ।

ਧੁੰਨਾ : ਇਹਨੂੰ ਕਹਿੰਦੇ ਨੇ ਧਰਮ ਕਰਮ ਦਾ ਧੰਦਾ !
(ਕਿਸ਼ਨਾ ਦੁਕਾਨਦਾਰ ਆਉਂਦਾ ਹੈ, ਜਿਸ ਨੂੰ ਵੇਖ ਕੇ ਧੁੰਨਾ ਅਤੇ ਮਿੰਦਰੋ ਚਿੰਤਤ ਹੋ ਜਾਂਦੇ ਹਨ)
(ਹੌਲੀ ਆਵਾਜ਼ ਵਿੱਚ) ਆ ਗਿਐ ਇੱਕ ਹੋਰ ਦਿਨ ਦਾ ਚੋਰ।

ਮਿੰਦਰੋ : ਚੁੱਪ ਵੀ ਕਰ ਜਾ, ਕਿਸ਼ਨੇ ਭਾ ਜੀ ਅੱਜ ਸੁੱਖ ਨਾਲ ਸਵੇਰੇਸਵੇਰੇ ਕਿਵੇਂ ਦਰਸ਼ਨ ਦਿੱਤੇ ਨੇ?

ਕਿਸ਼ਨਾ : ਤੁਹਾਨੂੰ ਵੀ ਪਤੈ ਮੈਂ ਕਿਉਂ ਆਇਆਂ? ਪਿਛਲਾ ਹਿਸਾਬ ਨਿਬੇੜ ਦਿਉ ਭਾਈਵੰਦੀ ਨਾਲ, ਸਵੇਰੇ-ਸਵੇਰੇ ਰੱਬ ਦਾ ਨਾਂ ਲੈਣਾ ਹੁੰਦਾ ਏ। ਮੈਨੂੰ ਮਜਬੂਰ ਨਾ ਕਰਿਓ ਗਲਤ ਬੋਲਣ ਵਾਸਤੇ।

ਮਿੰਦਰੋ : ਕਿਸ਼ਨੇ ਭਾ ਜੀ, ਸਾਨੂੰ ਪਤੈ ਤੇਰੇ ਪੈਸੇ ਦੇਣੇ ਨੇ। ਤੇਰੀ ਪਾਈ ਪਾਈ ਦੇਵਾਂਗੇ ਐਤਕਾਂ ਕਣਕ ਦੀ ਫ਼ਸਲ ਆ ਲੈਣ ਦੇ।

ਕਿਸ਼ਨਾ : ਗੱਲੀਂ-ਬਾਤੀਂ ਹਰ ਵਾਰ ਸਾਰਾ ਈ ਹਿਸਾਬ ਸਾਫ਼ ਕਰ ਦੇਂਦੇ ਹੋ, ਮੇਰੇ ਪੈਰ ਘਸ ਜਾਂਦੇ ਨੇ ਤੁਹਾਡੇ ਢੀਠਾਂ ਦੇ ਘਰ ਦੇ ਚੱਕਰ ਮਾਰ ਮਾਰ ਕੇ।

ਧੁੰਨਾ : ਫਾਲਤੂ ਬੋਲਣ ਦੀ ਲੋੜ ਨਹੀਂ ਕਿਸ਼ਨੇ। ਉਹ ਦਿਨ ਯਾਦ ਕਰ ਜਦ ਤੂੰ ਨਵੀਂ ਨਵੀਂ ਹੱਟੀ ਪਾਈ ਸੀ, ਹੱਥ ਜੋੜਦਾ ਕਹਿੰਦਾ ਸੀ ਮੇਰਾ ਖ਼ਿਆਲ

ਰੱਖਿਉ, ਆਹ ਹੱਟੀ ਤੁਹਾਡੀ ਏ। ਅੱਜ ਕਿਵੇਂ ਨਾਸਾਂ ਫੁਲਾ ਫੁਲਾ ਗੱਲਾਂ ਕਰਦੈਂ।

ਕਿਸ਼ਨਾ : ਰਕਮ ਛੱਡ ਦਿਆਂ ਤੁਹਾਨੂੰ?

ਧੁੰਨਾ : ਕੌਣ ਕਹਿੰਦੈ ਛੱਡ, ਸਾਡੇ ਕਹਿਣ 'ਤੇ ਤੂੰ ਰਕਮ ਛੱਡ ਦੇਵੇਂਗਾ? ਤੂੰ ਤਾਂ ਚੁੰਗ ਨੂੰ ਮਾਰ ਕੇ ਠੁੰਗ ਬਣ ਗਿਐਂ ਸ਼ਾਹ।

ਕਿਸ਼ਨਾ : ਹਿਸਾਬ ਮਾਵਾਂ ਧੀਆਂ ਦਾ (ਜੇਬ ਵਿੱਚੋਂ ਕਾਗ਼ਜ਼ ਬਾਹਰ ਕੱਢਦਾ ਹੈ) ਸੱਤ ਹਜ਼ਾਰ ਤੋਂ ਉੱਪਰ ਰਕਮ ਬਣੀ ਪਈ ਏ, ਤੁਹਾਨੂੰ ਰਕਮ ਛੱਡ ਕੇ ਮੈਂ ਆਪਣੇ ਨਿਆਣੇ ਗੁਰਦੁਆਰੇ ਤਾਂ ਨਹੀਂ ਬਿਠਾ ਦੇਣੇ।

ਮਿੰਦਰੋ : ਸੱਤ ਹਜ਼ਾਰ ਤੋਂ ਉੱਪਰ ਹੋ ਗਿਐ ਉਧਾਰ?

ਕਿਸ਼ਨਾ : ਕਾਗਜ਼ 'ਤੇ ਕੱਲੇ ਕੱਲੇ ਸੌਦੇ ਬਾਰੇ ਲਿਖਿਐ, ਪੜ੍ਹ ਲਉ ਭਾਵੇਂ ਪੜ੍ਹਾ ਲਉ।

ਧੁੰਨਾ : ਫੜਾ ਕਾਗਜ਼ ਜਰਾ ਜਿੰਦਰ ਨੂੰ। (ਜਿੰਦਰ ਨੂੰ) ਜਵਾਨ, ਫੇਰ ਜਰਾ ਨਜ਼ਰ ਇਹਦੇ ਕਾਗਜ਼ 'ਤੇ।

ਜਿੰਦਰ : (ਕਾਗਜ਼ ਵੇਖਦਾ ਹੋਇਆ) ਲਿਖਾਈ ਦੀ ਪੂਰੀ ਸਮਝ ਨਹੀਂ ਆਉਂਦੀ, ਦੂਜਾ ਜਿੰਨਾ ਕੁ ਪਤਾ ਚਲਦੈ, ਉਹਦੇ ਵਿੱਚ ਕੀ ਲੱਭਾਂਗੇ। ਰੇਟ ਤਾਂ ਇਹਨੇ ਅਪਣਾ ਈ ਲਾਉਣਾ ਹੋਇਐ।

ਕਿਸ਼ਨਾ : ਰੇਟ ਬਿਲਕੁਲ ਮਾਰਕੀਟ ਦਾ ਲਾਇਐ। ਮਾਰਕੀਟ ਦੇ ਰੇਟ ਰੋਜ਼-ਰੋਜ਼ ਬਦਲਦੇ ਨੇ, ਤੂੰ ਵੀ ਪੜ੍ਹਿਆ ਏਂ, ਅਖ਼ਬਾਰਾਂ ਵਿੱਚ ਨਿੱਤ ਰੇਟਾਂ ਦੀ ਲਿਸਟ ਆਉਂਦੀ ਏ।

ਜਿੰਦਰ : (ਕਾਗਜ਼ ਉੱਪਰ ਨਿਗਾਹ ਕੇਂਦਰਤ ਕਰਦਾ ਹੋਇਆ। ਆਹ ਟੋਟਲ ਗਲਤ ਏ, ਇੱਕ ਹਜ਼ਾਰ ਸਿੱਧਾ ਈ ਵੱਧ ਬਣਾ ਦਿੱਤੈ।

ਮਿੰਦਰੋ : ਇੱਕ ਹਜ਼ਾਰ? ਹੈਂ?

ਧੁੰਨਾ : ਅਜੇ ਵੇਖਿਆ ਕੀ ਏ ਤੂੰ, ਤੇਰੀ 'ਹੈਂ' ਪਹਿਲਾਂ ਈ ਨਿਕਲ ਗਈ ਏ। ਭੋਲੇ ਭਾਲੇ ਅਨਪੜ੍ਹ ਲੋਕਾਂ ਦਾ ਖ਼ੂਨ ਪੀ ਪੀ ਕਿਸ਼ਨਾ ਪਹਿਲਵਾਨ ਬਣ ਗਿਐ।

ਕਿਸ਼ਨਾ : ਟੋਟਲ ਦਾ ਭੁਲੇਖਾ ਤਾਂ ਕਿਸੇ ਨੂੰ ਵੀ ਲੱਗ ਸਕਦੈ......

ਧੁੰਨਾ : ਭੁਲੇਖੇ ਨਾਲ ਜੋੜ ਸਿੱਧਾ ਈ ਹਜ਼ਾਰ ਵੱਧ ਬਣ ਗਿਐ, ਤੂੰ ਆਹ ਦੱਸ ਜੋੜ ਹਜ਼ਾਰ ਘੱਟ ਕਿਉਂ ਨਹੀਂ ਬਣਿਆ?

ਮਿੰਦਰੋ : ਇਹ ਤਾਂ ਚੰਗੀ ਕਿਸਮਤ ਨੂੰ ਜਿੰਦਰ ਨੇ ਜੋੜ ਕਰ ਲਿਆ, ਨਹੀਂ ਤਾਂ ਸਾਡਾ ਹਜ਼ਾਰ ਤਾਂ ਗਿਆ ਸੀ ਖੂਹ ਖਾਤੇ। ਕਿਸ਼ਨੇ ਭਾ ਜੀ, ਤੇਰੇ ਅੱਗੇ ਜੋੜੇ ਹੱਥ ਅਗਾਂਹ ਤੋਂ ਬਜ਼ਾਰੋਂ ਸੌਦਾ ਲਿਆਇਆ ਕਰਾਂਗੇ।

ਧੁੰਨਾ : ਸਾਰੇ ਇੱਕੋ ਥਾਲੀ ਦੇ ਚੱਟੇ ਵੱਟੇ ਨੇ, ਉਹ ਕਿਹੜੇ ਦੋ ਜਮਾਂ ਦੋ ਚਾਰ ਕਰਦੇ ਨੇ। ਭਲੇਮਾਣਸ ਨਾ ਸਮਝ ਬੈਠੀ ਉਹਨਾਂ ਨੂੰ। ਕੱਪੜਿਆਂ ਵੱਲੋਂ



ਇਹ ਲੋਕ ਭੇਡ ਵਾਂਗ ਜਾਪਦੇ ਨੇ ਪਰ ਅੰਦਰੋਂ ਇਹ ਬਘਿਆੜ ਨੇ। ਹੁਣ ਸਮਝ ਪਈ ਏ ਦਿਨ ਦੇ ਚੋਰਾਂ ਦੀ (ਕਿਸ਼ਨੇ ਵੱਲ ਇਸ਼ਾਰਾ ਕਰਕੇ) ਕਰ ਲੈ ਦਰਸ਼ਨ ਦਿਨ ਦੇ ਚੋਰ ਦੇ।

ਕਿਸ਼ਨਾ : (ਘਬਰਾਹਟ ਵਿੱਚ) ਮੈਂ.......ਮੈਂ........

ਧੁੰਨਾ : ਕੀ ਬੱਕਰੀ ਵਾਂਗੂੰ ਮੈਂ ਮੈਂ ਲਾਈ ਏ। ਆਹ ਕਾਗਜ਼ ਇਥੇ ਛੱਡ ਜਾ, ਅਸੀਂ ਸਾਰਾ ਕਾਗਜ਼ ਪੜ੍ਹਾਵਾਂਗੇ, ਕਿਤੇ ਸੌਦਾ ਈ ਨਾ ਵੱਧ ਲਿਖ ਦਿੱਤਾ ਹੋਵੇ।

ਕਿਸ਼ਨਾ : ਮੈਂ ਕਿਹਾ ਜੀ, ਜੇ ਭੁਲੇਖੇ ਨਾਲ ਕੋਈ ਸੌਦਾ ਵੱਧ ਲਿਖਿਆ ਵੀ ਹੋਇਆ ਤਾਂ ਆਪੇ ਕੱਟਿਆ ਵੀ ਜਾਵੇਗਾ।

ਧੁੰਨਾ : ਤੇਰੇ ਕਾਗਜ਼ ਵਿੱਚ ਇਵੇਂ ਦੀ ਹੇਰਾ ਫੇਰੀ ਲੱਭ ਜਾਏ ਸਹੀ, ਤੈਨੂੰ ਗੁਰਦੁਆਰੇ ਨਾ ਚੜ੍ਹਾਇਆ ਤਾਂ ਮੈਨੂੰ ਵੀ ਧੁੰਨਾ ਸਿੰਘ ਨਾ ਆਖੀਂ।

ਕਿਸ਼ਨਾ : ਮੈਂ ਕੋਈ ਭੱਜਾ ਵਾਂ ਤੁਹਾਡੇ ਤੋਂ.......

ਧੁੰਨਾ : ਤੇਰਾ ਮੈਂ ਉਹ ਜਲੂਸ ਕੱਢਾਂਗਾ ਸਾਰੀ ਉਮਰ ਯਾਦ ਕਰੇਂਗਾ। ਤੇਰੀ ਹੱਟੀ 'ਤੇ ਗਾਹਕ ਨਹੀਂ ਵੜਦਾ ਕੋਈ, ਸੈਂਪਲ ਭਰਨ ਵਾਲੇ ਭਾਵੇਂ ਵੜ ਜਾਣ।

ਕਿਸ਼ਨਾ : ਸੈਂਪਲ ਭਰਨ ਵਾਲੇ ਕਈ ਵਾਰ ਆਏ ਤੇ ਕਈ ਵਾਰ ਗਏ। ਮੈਂ ਕੋਈ ਗਲਤ ਕੰਮ ਨਹੀਂ ਕਰਦਾ। ਸਾਫ਼ ਸੁਥਰਾ ਸੌਦਾ ਵੇਚਦਾਂ।

ਧੁੰਨਾ : ਤਾਹਿਓਂ ਦਾਲਾਂ ਵਿੱਚੋਂ ਪੱਥਰ ਨਿਕਲਦੇ ਨੇ, ਵੇਸਣ ਵਿੱਚ ਕਿਰਕ ਕਿੱਥੋਂ ਆ ਜਾਂਦੀ ਏ? ਦੋ ਨੰਬਰ ਦਾ ਸੌਦਾ ਏ ਤੇਰਾ। ਤੇਰੀ ਮਸ਼ਹੂਰੀ ਤਾਂ ਮੈਂ ਚੰਗੀ ਤਰ੍ਹਾਂ ਕਰਾਂਗਾ।

ਕਿਸ਼ਨਾ : ਸਿੱਧੀ ਤਰ੍ਹਾਂ ਕਹਿ ਮੈਂ ਪੈਸੇ ਨਹੀਂ ਦੇਣੇ, ਨਾ ਦੇ।

ਧੁੰਨਾ : ਪੈਸੇ ਹੁਣ ਕਿਸੇ ਗੱਲ ਨਾਲ ਹੀ ਮਿਲਣਗੇ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਵੱਖ ਹੋਵੇਗਾ।

(ਕਿਸ਼ਨਾ ਬੇਵਸੀ ਦੀ ਹਾਲਤ ਵਿੱਚ ਤੇਜ਼ ਤੇਜ਼ ਕਦਮੀਂ ਚਲਾ ਜਾਂਦਾ ਹੈ।

ਮਿੰਦਰੋ : ਦਿਨ ਦਿਹਾੜੇ ਡਾਕਾ?

ਧੁੰਨਾ : ਇਵੇਂ ਵੱਜਦੈ।

ਜਿੰਦਰ : ਸਾਡੇ ਦੇਸ਼ ਵਿੱਚ ਜੋ ਦਿਨ ਦੇ ਚੋਰ ਨਾ ਹੁੰਦੇ ਤਾਂ ਕੀ ਲੋੜ ਪਈ ਸੀ ਲੋਕਾਂ ਨੂੰ ਰੈਲੀਆਂ ਕਰਨ ਦੀ, ਲੋਕ ਧੜਾ ਧੜ ਪਾਸਪਰਟ ਨਾ ਬਣਾਉਂਦੇ ਤੇ ਨਾ ਹੀ ਵਿਦੇਸ਼ਾਂ ਵੱਲ ਮੂੰਹ ਕਰਦੇ।

ਧੁੰਨਾ : (ਮਿੰਦਰੋ ਨੂੰ) ਸਮਝ ਪਈ ਏ ਜਿੰਦਰ ਦੀ ਗੱਲ

(ਮਿੰਦਰ ਦਾ ਭਰਾ ਖਜਾਨ ਸਿੰਘ ਆਉਂਦਾ ਹੈ, ਉਸ ਦੇ ਆਉਣ ਤੇ ਜਿੰਦਰ ਜਾਣ ਵਾਸਤੇ ਮੰਜੇ ਤੋਂ ਉੱਠ ਪੈਂਦਾ ਹੈ)

ਜਿੰਦਰ ਚੱਲਿਐਂ?

ਜਿੰਦਰ : ਹਾਂ ਤਾਇਆ, ਅੱਜ ਤੇਰੇ ਵੱਲ ਪਾਰਟੀ ਬਣ ਗਈ।

ਧੁੰਨਾ : ਪੱਕਾ, ਮੈਂ ਕਿਹਾ ਧੂਮ ਧਾਮ ਨਾਲ ਕਰਾਂਗੇ ਪਾਰਟੀ, ਜਰਾ ਕਣਕ ਘਰ ਆ ਲੈਣ ਦੇ।(ਜਿੰਦਰ ਚਲਾ ਜਾਂਦਾ ਹੈ, ਖਜਾਨ ਸਿੰਘ ਮੰਜੇ 'ਤੇ ਬੈਠ ਜਾਂਦਾ ਹੈ)

ਆ ਬਈ, ਖਜਾਨ ਸਿੰਘਾਂ ਸੁੱਖ ਨਾਲ ਆਇਐਂ?

ਖਜਾਨ ਸਿੰਘ : ਆਹੋ ਸੁੱਖ ਈ ਏ, ਤੁਹਾਡੀ ਗਵਾਹੀ ਪਵਾਉਣੀ 'ਸੀ ਇੱਕ ਪ੍ਰਨੋਟ 'ਤੇ।

ਧੁੰਨਾ : ਮੇਰੀ ਗਵਾਹੀ?

ਖਜਾਨ ਸਿੰਘ : ਤੁਹਾਡੇ ਪਿੰਡ ਦਾ ਕੰਤੀ ਮੇਰੇ ਮਗਰ ਪਿਆ ਸੀ ਕਈ ਦਿਨਾਂ ਦਾ, ਕਹਿੰਦੈ ਦਸ ਹਜ਼ਾਰ ਦਾ ਜੁਗਾੜ ਕਰ ਦੇ। ਮੈਂ ਬਥੇਰਾ ਟਾਲਿਆ ਬਈ ਮੇਰੇ ਪਾਸ ਗੁੰਜਾਇਸ਼ ਨਹੀਂ ਹੈਗੀ, ਫਿਰ ਕਿਸੇ ਕੋਲੋਂ ਵਿਆਜ 'ਤੇ ਫੜ੍ਹ ਕੇ ਰਕਮ ਦਾ ਪ੍ਰਬੰਧ ਕੀਤੈ। ਮੈਂ ਸੋਚਿਆ ਇਹਨੂੰ ਪੈਸੇ ਵੀ ਦੇਣੇ ਨੇ ਤੇ ਗਵਾਹੀ ਤਾਂ ਹੋਣੀ ਚਾਹੀਦੀ ਏ ਨਾ? ਕਲ੍ਹ ਨੂੰ ਜੇ ਕੰਤੀ ਮਰ ਗਿਆ ਜਾਂ ਕਿਤੇ ਦੌੜ ਜਾਵੇ ਤਾਂ ਕੀਹਦੀ ਮਾਂ ਨੂੰ ਮਾਸੀ ਆਖਾਂਗੇ।

ਮਿੰਦਰੋ : ਕੋਈ ਗੱਲ ਨਹੀਂ, ਵੀਰ ਜੀ ਚੰਗਾ ਕੀਤੈ ਤੁਸੀਂ। ਪਾ ਦੇਣਗੇ ਗਵਾਹੀ। ਕੰਤੀ ਕਿਥੇ ਵੇ ?

ਖਜਾਨ ਸਿੰਘ : ਬਾਹਰ ਖੜ੍ਹਾ ਏ, ਵਾਜ ਦੇਨਾਂ। ਕੰਤੀ ! ਲੰਘ ਆ ਅੰਦਰ। (ਕੰਤੀ ਆ ਜਾਂਦਾ ਹੈ)

ਧੁੰਨਾ : ਕੰਤੀ ਪਾ ਦੇਈਏ ਤੇਰੀ ਗਵਾਹੀ?

ਕੰਤੀ : ਪਾਓ ਪਾਓ, ਆਪਾਂ ਜਾਨਾਂ ਕਿਹੜੀ ਮਾਂ ਕੋਲ ਏ।(ਹੱਸਦਾ ਹੈ)

ਖਜਾਨ ਸਿੰਘ : ਆਹ ਗਿਣ ਲੈ ਪੂਰੇ ਦਸ ਹਜ਼ਾਰ, ਹਰ ਮਹੀਨੇ ਵਿਆਜ ਦੇਣਾ ਪੈਣੈਂ ਦਸ ਰੁਪਏ ਸੈਂਕੜਾ। ਛੇ ਮਹੀਨੇ ਤੱਕ ਪੂਰੀ ਰਕਮ ਵੀ ਦੇਣੀ ਪਵੇਗੀ, ਲਿਖਤ ਪੜ੍ਹ ਲੈ ਜਾਂ ਪੜ੍ਹਾ ਲੈ ਕਿਸੇ ਤੋਂ।

ਕੰਤੀ : ਤੁਹਾਡੇ 'ਤੇ ਬੇਇਤਬਾਰੀ ਏ, ਖਜਾਨ ਸਿੰਹਾਂ ਵਿਆਜ ਵੀ ਮਿਲੂ ਤੇ ਛੇ ਮਹੀਨੇ ਤੱਕ ਰਕਮ ਵੀ।

ਖਜਾਨ ਸਿੰਘ : ਤੂੰ ਚੱਲ ਹੁਣ, ਮੈਂ ਘੜੀ ਭੈਣ ਭਾਈਏ ਦਾ ਹਾਲ ਚਾਲ ਪੁੱਛ ਲਵਾਂ।
(ਕੰਤੀ ਚਲਾ ਜਾਂਦਾ ਹੈ)

ਧੁੰਨਾ : ਖਜਾਨ ਸਿੰਹਾਂ, ਬਈ ਵਿਆਜ ਦਸ ਰੁਪਏ ਸੈਂਕੜਾ ਠੋਕ ਤੈ?

ਖਜਾਨ ਸਿੰਘ : ਹੋਰ ਕੀ, ਅਗਲੇ ਦੀ ਗਰਜ਼ ਪੂਰੀ ਕਰ ਦਿੱਤੀ ਏ, ਜੇ ਤੇਰੇ ਪਾਸ ਹੈ ਰਕਮ ਤਾਂ ਤੈਨੂੰ ਵੀ ਦੁਆਵਾਂਗਾ।

ਧੁੰਨਾ : (ਚਸਕਾ ਲੈਂਦੇ ਹੋਏ) ਤੇ ਮੈਨੂੰ ਕਿੰਨੇ ਰੁਪਏ ਸੈਂਕੜਾ ਦੇਵੇਂਗਾ?

ਖਜਾਨ ਸਿੰਘ : ਤੈਨੂੰ ਦਿਆਂਗਾ ਪੂਰੇ ਤਿੰਨ ਰੁਪਏ ਸੈਂਕੜਾ, ਮੈਨੂੰ ਅੱਗਿਓਂ ਮਿਲਣ ਭਾਵੇਂ ਨਾ, ਤੂੰ ਪਹਿਲੀ ਤਰੀਕ ਨੂੰ ਵਿਆਜ ਖਰਾ ਸਮਝੀਂ।

ਧੁੰਨਾ : ਵਪਾਰ ਚੰਗੈ, ਇੱਕ ਪਾਸੇ ਦਿਓ ਤਿੰਨ ਰੁਪਏ ਸੈਂਕੜਾ ਤੇ ਦੂਜੇ ਪਾਸੇ ਦਸ



ਰੁਪਏ ਦਾ ਟੀਕਾ ਲਾ ਕੇ ਅਗਲੇ ਦੀ ਭੂਤਨੀ ਭੁਲਾ ਦਿਓ।

ਖਜਾਨਾ ਸਿੰਘ : ਇਹਨੂੰ ਕਹਿੰਦੇ ਨੇ ਵਪਾਰ।

ਧੁੰਨਾ : ਆਹ ਤਾਂ ਅਗਲੇ ਬੰਦ ਦਾ ਖੂਨ ਪੀਣ ਵਾਲੀ ਗੱਲ ਏ। ਮੈਂ ਵੀ ਕਹਾਂ ਖਜਾਨ ਸਿੰਘ ਲਿਸ਼ ਲਿਸ਼ ਕਰਦੇ ਸੂਟ ਪਾਉਂਦੈ, ਕਦੇ ਸਕੂਟਰ ਮੁੱਲ ਲੈ ਲੈਂਦੈ ਕਦੇ ਮੋਟਰ ਸਾਇਕਲ। ਟੌਹਰ ਨਾਲ ਰਾਤ ਨੂੰ ਪਾਈਆ ਪੀ ਕੇ ਸੌਂਦੈ।

ਮਿੰਦਰੋ : (ਗੁੱਸੇ ਨਾਲ) ਹੋਰ ਤੇਰੇ ਵਾਂਗ ਸਾਰੀ ਰਾਤ ਖਊਂ ਖਊਂ ਕਰਦਾ ਰਹੇ ਲੋੜ ਵੇਲੇ ਮੇਰਾ ਭਰਾ ਕਿਸੇ ਦੇ ਕੰਮ ਆ ਕੇ ਪੁੰਨ ਕਰਦੈ।

ਧੁੰਨਾ : (ਮਖੌਲੀਆ ਅੰਦਾਜ਼ ਵਿੱਚ) ਨਾਲ ਪੁੰਨ ਨਾਲੇ ਫਲੀਆਂ। ਹੁਣ ਪਈ ਖਾਨੇ ਵਿੱਚ ਗੱਲ ਕਿ ਖਜਾਨ ਸਿੰਘ ਤਿੰਨ ਪਲਾਟ ਕਿਵੇਂ ਲੈ ਗਿਐ।

ਮਿੰਦਰੋ : ਤੇ ਤੇਰੇ ਢਿੱਡ 'ਚ ਪੀੜ ਹੁੰਦੀ ਹੋਣੀ ਏ ਇਹਦੇ ਪਲਾਟ ਵੇਖਿਆਂ। ਤੂੰ ਵੀ ਕਰ ਲੈ ਇਹਦੇ ਵਾਲਾ ਕੰਮ, ਮੰਜੇ 'ਤੇ ਬੈਠਾ-ਬੈਠਾ ਖੰਘੀ ਜਾਨੈਂ।

ਧੁੰਨਾ : ਨਾ ਨਾ ਰੱਬ ਇਹੋ ਜਿਹਾ ਕੰਮ ਨਾ ਕਰਾਏ, ਇਹੋ ਜਿਹਾ ਕੰਮ ਤਾਂ ਖਜਾਨ ਸਿੰਘ ਵਰਗੇ ਧਰਮੀ ਬੰਦੇ ਈ ਕਰ ਸਕਦੇ ਨੇ।

ਖਜਾਨ ਸਿੰਘ : ਭਾਈਆ, ਕਰ ਲੈ ਟਿੱਚਰਾਂ। ਪਰ ਹਾਂ ਮੈਂ ਧਰਮੀ ਬੰਦਾ ਈ। ਰੋਜ਼ ਸਵਰ ਤਿੰਨ ਵਜੇ ਉਠਦਾ ਵਾਂ, ਨਹਾ ਧੋ ਕੇ ਘੰਟਾ ਪਾਠ ਕਰੀਦੈ, ਫਿਰ ਗੁਰਦੁਆਰ ਜਾ ਕੇ ਮੱਥਾ ਰਗੜੀਦਾ ਏ ਕਿ ਹੇ ਸੱਚੇ ਪਾਤਸ਼ਾਹ ! ਭੁੱਲ ਚੁੱਕ ਮਾਫ਼ ਕਰੀਂ। ਫੇਰ ਜਾ ਕੇ ਦਿਨ ਦਾ ਕੰਮ ਸ਼ੁਰੂ ਕਰੀਦੈ। ਚੰਗਾ ਭੈਣ, ਮੈਂ ਚੱਲਦਾਂ।

ਮਿੰਦਰੋ : ਪਰਸ਼ਾਦਾ ਛਕ ਕੇ ਜਾਇਉ, ਪਕਾਉਣ ਈ ਲੱਗੀ ਆਂ।

ਖਜਾਨ ਸਿੰਘ : ਨਹੀਂ ਨਹੀਂ, ਮੈਂ ਇੱਕ ਹੋਰ ਲੋੜਵੰਦ ਦੀ ਲੋੜ ਪੂਰੀ ਕਰਨੀ ਏ। ਚੰਗਾ ਭਾਈਆ, ਤੂੰ ਵੀ ਪੈ ਜਾ ਕਿਸੇ ਨਾ ਕਿਸੇ ਕਾਰੋਬਾਰ 'ਚ।
(ਖਜਾਨ ਸਿੰਘ ਚਲਾ ਜਾਂਦਾ ਹੈ।)

ਧੁੰਨਾ : ਬਗਲ 'ਚ ਛੁਰੀ ਤੇ ਮੂੰਹ ਵਿੱਚ ਰਾਮ ਰਾਮ।

ਮਿੰਦਰੋ : ਅਪਣਾ ਕੰਮ ਤਾਂ ਸਿਆਣਪ ਨਾਲ ਚਲਾਈ ਜਾਂਦੈ। ਉਹਦੇ ਨਿਆਣੇ ਸ਼ੁਰੂ ਤੋਂ ਹੀ ਚੰਗਾ ਖਾਂਦੇ ਪਾਂਦੇ ਰਹੇ ਤੇ ਐਧਰ ਸਾਡੇ ਨਿਆਣੇ ਵਿਚਾਰੇ ਲੀਰਾਂ ਲਟਕਾਈ ਜਵਾਨ ਹੋ ਚੱਲੇ ਨੇ। ਦਿਨ ਦਿਹਾਰ ਵੀ ਨਾ ਕਦੇ ਮਨਾਇਆ ਇਹਨਾਂ ਖ਼ੁਸ਼ੀ ਨਾਲ।
(ਧੰਨੇ ਦੇ ਘੁਰਾੜਿਆਂ ਦੀ ਆਵਾਜ਼ ਆਉਂਦੀ ਹੈ । ਸੌਂ ਗਿਐ? ਚੰਗਾ ਹੋਇਐ।
(ਮਿੰਦਰ ਅੰਦਰ ਚਲੀ ਜਾਂਦੀ ਹੈ, ਧੰਨੇ ਨੂੰ ਸੁਫ਼ਨਾ ਆਉਣਾ ਸ਼ੁਰੂ ਹੋ ਜਾਂਦਾ ਹੈ)

ਧੁੰਨਾ : (ਔਖਿਆ ਹੋਇਆ) ਘੜੀ ਖੁੱਲੀ ਹਵਾ ਦੇ ਫੱਕੇ ਮਾਰ ਲਵਾਂ।

(ਸੁਫ਼ਨੇ ਵਿੱਚ ਦੋ ਯਮ ਆਉਂਦੇ ਹਨ, ਦੋਹਾਂ ਨੇ ਕਾਲੇ ਕੱਪੜੇ ਪਹਿਨੇ ਹੋਏ ਹਨ। ਉਹਨਾਂ ਦੇ ਚਿਹਰੇ ਵੀ ਡਰਾਉਂਦੇ ਜਿਹੇ ਹਨ, ਇਕ ਯਮ ਦੇ ਹੱਥ ਵਿੱਚ ਵਹੀ ਫੜੀ ਹੋਈ ਹੈ)

1. ਚੱਲ ਧੁੰਨਿਆ, ਤੂੰ ਧੰਨ ਧੰਨ ਕਰਾਤੀ ਆਹ ਦੁਨੀਆਂ ਅੰਦਰ।
2. ਕਰ ਲੈ ਤਿਆਰੀ.....

ਧੁੰਨਾ : ਕਿਧਰ ਦੀ?

2 : ਅਗਲੀ ਦੁਨੀਆਂ 'ਚ ਜਾਣ ਦੀ।
(ਦੋਵੇਂ ਯਮ ਹੱਸਦੇ ਹਨ ਤੇ ਧੁੰਨਾ ਡਰ ਜਾਂਦਾ ਹੈ)

ਧੁੰਨਾ : ਮੈਂ ਨਹੀਂ ਜਾਵਾਂਗਾ, ਮੈਂ ਨਹੀਂ ਜਾਵਾਂਗਾ।

1 : ਤੇਰਾ ਵਕਤ ਖ਼ਤਮ ਹੋ ਗਿਐ।

2 : ਹਾਂ, ਤੇਰੀ ਖੇਡ ਖ਼ਤਮ ਹੋ ਗਈ।

ਧੁੰਨਾ : ਪਰ ਮੈਂ ਤਾਂ ਕੁੱਝ ਵੇਖਿਆ ਈ ਨਹੀਂ ਚੱਜ ਦਾ ਇਸ ਦੁਨੀਆਂ 'ਚ ਅਜੇ ਤੱਕ।

1 : ਤਾਂਹਿਓਂ ਤੈਨੂੰ ਲੈ ਕੇ ਚੱਲੇ ਆਂ।

2 : ਸਵਰਗ ਵਿੱਚ......

ਧੁੰਨਾ : ਨਹੀਂ ਨਹੀਂ, ਮੇਰਾ ਤਾਂ ਇਥੋਂ ਈ ਸਵਰਗ ਏ, ਕੁੱਲੀ ਯਾਰ ਦੀ ਸੁਰਗ ਦਾ ਝੂਟਾ ਅੱਗ ਲਾਉਣੈਂ ਮਹਿਲਾਂ ਨੂੰ।

1 : (ਹੱਸਦਾ ਹੋਇਆ) ਕਿੱਡੇ ਸੁਰਗਾਂ ਦੇ ਝੂਟੇ ਲੈ ਰਿਹਾ ਸੀ !

ਧੁੰਨਾ : ਮੇਰਾ ਮਖੌਲ ਨਾ ਉਡਾਉ ਮੇਰੇ ਯਾਰੋ !

1 : (ਹੈਰਾਨੀ ਵਿੱਚ) ਯਾਰੋ?

ਧੁੰਨਾ : ਆਹੋ ਤੁਸੀਂ ਮੇਰੇ ਯਾਰ ਨਹੀਂ?

2 : ਜੇ ਯਾਰ ਆਂ ਤਾਂ ਯਾਰੀ ਪੁਗਾ

1 : ਇਸ ਦੁਨੀਆਂ ਨੂੰ ਛੱਡ ਜਾ।

2 : ਅਗਲੀ ਦੁਨੀਆਂ 'ਚ ਮਜੇ ਉਡਾ

ਧੁੰਨਾ : ਮੇਰੀ ਗੱਲ ਸਮਝੇ ਨਹੀਂ ਤੁਸੀਂ.....

1 : (ਨੰ: 2 ਨੂੰ) ਧੁੰਨੇ ਦੀ ਇੱਕ-ਇੱਕ ਬਾਂਹ ਫੜ੍ਹ ਕੇ ਇਹਨੂੰ ਉਡਾ ਕੇ ਲੈ ਚਲੀਏ ?

2 : ਆਹੋ ਸਿੱਧੀ ਤਰ੍ਹਾਂ ਨਹੀਂ ਤੁਰਦਾ ਤਾਂ ਇਹਨੂੰ ਫੜ ਕੇ ਦੂਜੀ ਤਰ੍ਹਾਂ ਤੋਰ ਲੈਂਦੇ ਆਂ।
(ਦੋਵੇਂ ਯਮ ਧੁੰਨੇ ਨੂੰ ਬਾਹਵਾਂ ਤੋਂ ਫੜ ਕੇ ਤੋਰ ਲੈਂਦੇ ਹਨ ਪਰ ਉਸੇ ਵਕਤ ਗਿਆਨ ਸਿੰਘ ਆੜ੍ਹਤੀਆ ਆ ਜਾਂਦਾ ਹੈ, ਜਿਸ ਦੇ ਹੱਥ ਵਿੱਚ ਵਹੀ ਹੈ, ਉਹ ਯੱਮਾਂ ਦਾ ਰਾਹ ਰੋਕ ਕੇ ਖੜ੍ਹਾ ਹੋ ਜਾਂਦਾ ਹੈ)



ਗਿਆਨ ਸਿੰਘ: ਤੁਸੀਂ ਨਹੀਂ ਜਾ ਸਕਦੇ।

1 : ਕਿਉਂ? ਤੂੰ ਕੌਣ ਏਂ?

ਗਿਆਨ ਸਿੰਘ: ਮੈਂ ਗਿਆਨ ਸਿੰਘ ਆੜ੍ਹਤੀਆ ਹਾਂ, ਲੋਕ ਮੈਨੂੰ ਸ਼ਾਹ ਜੀ ਕਹਿ ਕੇ ਬੁਲਾਂਦੇ ਨੇ 1

2 : ਪਰ ਸਾਡਾ ਰਾਹ ਕਿਉਂ ਰੋਕ ਕੇ ਖੜ੍ਹਾ ਹੋ ਗਿਐਂ?

ਗਿਆਨ ਸਿੰਘ: ਤੁਹਾਨੂੰ ਨਹੀਂ ਰੋਕਦਾ ਪਰ ਧੁੰਨੇ ਨੂੰ ਨਾਲ ਲਿਜਾਣ ਦਿਆਂਗਾ ਜਦੋਂ ਤੱਕ ...(ਵਹੀ ਫੋਲਦਾ ਹੈ)

1 : ਕੀ ਜਦੋਂ ਤੱਕ?

ਗਿਆਨ ਸਿੰਘ: ਜਦੋਂ ਤੱਕ ਆਹ ਮੇਰਾ ਸਾਬ੍ਹ ਨਹੀਂ ਸਾਫ਼ ਕਰਦਾ। ਧੁੰਨੇ ਦਾ ਵਾਲ ਵਾਲ ਮੇਰਾ ਕਰਜ਼ਾਈ ਏ, ਇਹਦੇ ਉੱਪਰ ਮੇਰਾ ਹੱਕ ਏ।

1 : ਗਿਆਨ ਸ਼ਾਹ, ਤੇਰਾ ਗਿਆਨ ਕੱਚਾ ਏ, ਹੁਣ ਧੁੰਨਾ ਪੂਰੀ ਤਰ੍ਹਾਂ ਅਜ਼ਾਦ ਹੋ ਗਿਐ।

ਗਿਆਨ ਸਿੰਘ: ਨਹੀਂ, ਇਹ ਕਿਵੇਂ ਹੋ ਸਕਦੈ? ਮੇਰੀ ਵਹੀ ਆਹ ਵੇਖੋ। (ਵਹੀ ਦੇ ਪੰਨੇ ਪਲਟਦਾ ਹੈ)
ਇਹ ਚਲਾ ਗਿਆ ਤਾਂ ਸਾਬ੍ਹ ਇਹਦੇ ਪਿਓ ਨੇ ਸਾਫ਼ ਕਰਨੈਂ? ਮੈਂ ਘਾਟਾ ਨਹੀਂ ਖਾ ਸਕਦਾ।
(ਗਿਆਨ ਸਿੰਘ ਆਪਣੀਆਂ ਦੋਵੇਂ ਬਾਹਵਾਂ ਫੈਲਾ ਕੇ ਰਾਹ ਰੋਕਦਾ ਹੈ)

2 : ਤੇਰੀ ਵਹੀ ਝੂਠੀ ਏ।

ਗਿਆਨ ਸਿੰਘ: ਕੱਲੀ ਕੱਲੀ ਰਕਮ ਚਾੜ੍ਹੀ ਏ ਇਹਦੇ ਤੇ, ਦੁਨੀਆਂ ਝੂਠੀ ਹੋ ਸਕਦੀ ਏ ਪਰ ਮੇਰੀ ਵਹੀ 'ਚ ਸਾਬ੍ਹ ਕਿਤਾਬ ਅੱਜ ਦੀ ਤਰੀਕ ਤੱਕ ਪੂਰਾ ਕੀਤੈ। ਮੇਰਾ ਮੁਨੀਮ ਬੜਾ ਲੈਕ ਬੰਦਾ ਏ, ਜਰਾ ਵੀ ਕੁਤਾਹੀ ਨਹੀਂ ਕਰਦਾ।
(ਗਿਆਨ ਸਿੰਘ ਰੋਣਾ ਸ਼ੁਰੂ ਕਰ ਦਿੰਦਾ ਹੈ)

1 : ਤੂੰ ਕਿਉਂ ਰੋਂਦਾ ਏਂ, ਤੈਨੂੰ ਰੋਣਗੇ ਤੇਰੇ ਘਰ ਦੇ।
(ਯਮ ਭਿਆਨਕ ਜਿਹਾ ਹਾਸਾ ਹੱਸਦੇ ਹਨ)

ਗਿਆਨ ਸਿੰਘ : ਕਿਉਂ ਹੱਸਦੇ ਹੋ?

2 : ਤੇਰੀ ਅਕਲ 'ਤੇ !

ਗਿਆਨ ਸਿੰਘ: ਕੀ ਹੋਇਐ ਮੇਰੀ ਅਕਲ ਨੂੰ?

2 : (ਆਪਣੀ ਵਹੀ ਵਿਖਾ ਕੇ) ਆਹ ਵੇਖ ਅਪਣਾ ਖਾਤਾ, ਅਗਲੇ ਵੀਰਵਾਰ ਤੇਰਾ ਦਾਣਾ ਪਾਣੀ ਵੀ ਖ਼ਤਮ ਹੋ ਜਾਣੈਂ। ਤੈਨੂੰ ਅਸੀਂ ਲੈ ਜਾਵਾਂਗੇ ਤੇ ਤੇਰੀਆਂ ਕਰਤੂਤਾਂ ਦਾ ਸਾਬ੍ਹ ਕਿਤਾਬ ਹੋਵੇਗਾ। ਤੇਰੇ ਠਾਹ ਠਾਹ ਚਪੇੜਾਂ ਵੱਜਣਗੀਆਂ।

ਗਿਆਨ ਸਿੰਘ: ਵੇਖੀ ਜਾਏਗੀ।

1 : ਸਾਡਾ ਰਾਹ ਛੱਡ ਦੇ, ਸਾਡੇ ਪਾਸ ਹੋਰ ਵਕਤ ਨਹੀਂ।

ਧੁੰਨਾ : ਗਿਆਨ ਸਿੰਘ ਸ਼ਾਹ ਜੀ, ਮੈਨੂੰ ਛੁਡਾ..... ਪੱਲੇਦਾਰਾਂ ਨੂੰ ਵਾਜ ਮਾਰ।

ਗਿਆਨ ਸਿੰਘ: ਛੱਡ ਦਿਉ ਧੁੰਨੇ ਨੂੰ, ਮੈਂ ਘਾਟਾ ਨਹੀਂ ਖਾ ਸਕਦਾ।

1 : ਚੱਲ ਹੁਣ, ਮਾਇਆਧਾਰੀ ਅੰਨ੍ਹਾ ਬੋਲਾ।

(ਯਮ, ਗਿਆਨ ਸਿੰਘ ਨੂੰ ਜ਼ੋਰਦਾਰ ਧੱਕਾ ਮਾਰਦੇ ਹਨ, ਗਿਆਨ ਸਿੰਘ ਜ਼ਮੀਨ 'ਤੇ ਡਿੱਗ ਪੈਂਦਾ ਹੈ, ਗਿਆਨ ਸਿੰਘ ਧੁੰਨੇ ਦੀਆਂ ਲੱਤਾਂ ਫੜ ਲੈਂਦਾ ਹੈ।

2 : ਧੁੰਨੇ ਦੇ ਪੈਰ ਛੱਡ ਦੇ।

ਗਿਆਨ ਸਿੰਘ: ਕਿਉਂ ਛੱਡਾਂ? ਜਦ ਤੱਕ ਧੁੰਨਾ ਇਸ ਪਰਨੇਟ 'ਤੇ ਅੰਗੂਠਾ ਨਹੀਂ ਲਾਉਂਦਾ, ਮੈਂ ਨਹੀਂ ਛੱਡਾਂਗਾ।

1 : (ਨੰ. 2 ਨੂੰ) ਇੱਕ ਕੰਮ ਕਰੀਏ।

2 : ਉਹ ਕਿਹੜਾ ?

1 : ਗਿਆਨ ਸਿੰਘ ਨੇ ਧੁੰਨੇ ਦੇ ਪੈਰ ਨਹੀਂ ਛੱਡਣੇ। ਕਿਤੇ ਗਿਆਨ ਸਿੰਘ ਸਵਰਗ ਲੋਕ ਨਾ ਪਹੁੰਚ ਜਾਏ।

2 : ਫਿਰ ਦਸ ਨੰਬਰ ਸੀਟ ਦਾ ਕੀ ਬਣੇਗਾ ਜਿਹੜੀ ਗਿਆਨ ਸਿੰਘ ਲਈ ਰੱਖੀ ਏ ਨਰਕਾਂ ਵਿੱਚ।

1 : ਧੁੰਨੇ ਕੋਲੋਂ ਪਰਨੈਟ 'ਤੇ ਅੰਗੂਠਾ ਜ਼ਰੂਰ ਲਵਾਉਣੈ ਗਿਆਨ ਸਿੰਘ?

ਗਿਆਨ ਸਿੰਘ: ਹਾਂ, ਖੱਬੇ ਹੱਥ ਦਾ ਅੰਗੂਠਾ।

1 : ਆਪਾਂ ਧੁੰਨੇ ਦੇ ਖੱਬੇ ਹੱਥ ਦਾ ਅੰਗੂਠਾ ਈ ਵੱਢ ਦੇਣੇ ਆਂ। ਨਾ ਹੋਵੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ।

ਗਿਆਨ ਸਿੰਘ: ਮੈਂ ਇੰਜ ਨਹੀਂ ਹੋਣ ਦਿਆਂਗਾ।

(ਗਿਆਨ, ਧੁੰਨੇ ਦੇ ਪੈਰ ਛੱਡ ਦਿੰਦਾ ਹੈ ਅਤੇ ਯਮ ਧੁੰਨੇ ਨੂੰ ਆਪਣੇ ਨਾਲ ਤੋਰ ਲੈਂਦੇ ਹਨ)

1 : (ਹੱਸਦਾ ਹੋਇਆ) ਗਿਆਨ ਸਿੰਘ, ਬਾਏ ਬਾਏ.....

(ਧੁੰਨੇ ਨੂੰ ਜਾਗ ਆ ਜਾਂਦੀ ਹੈ)

ਧੁੰਨਾ : ( ਘਬਰਾਹਟ ਵਿੱਚ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ) ਸ਼ੁਕਰ ਏ ਐਸੇ ਦੁਨੀਆਂ ਵਿੱਚ ਆਂ।

(ਬੰਤੂ ਝਿਊਰ ਆਉਂਦਾ ਹੈ, ਉਹਦੇ ਹੱਥ ਵਿੱਚ ਕੁੱਝ ਕਾਰਡ ਹਨ।

ਬੰਤੂ : ਵਧਾਈਆਂ ਹੋਣ, ਦੀਪੋ ਦੇ ਮੁੰਡੇ ਦਾ ਵਿਆਹ ਆ ਗਿਐ ਐਸ ਪੰਦਰਾਂ ਨੂੰ, ਆਹ ਫੜੋ ਵਿਆਹ ਦਾ ਕਾਰਡ। ਸੋਚਿਆ ਸਵੇਰੇ ਸਵੇਰੇ ਬੌਣੀ ਤੁਹਾਡੇ ਘਰੋਂ ਈ ਹੋ ਜਾਏ।

ਧੁੰਨਾ : ਕਾਰਡ ਦੀ ਕੀ ਲੋੜ ਸੀ? ਸਾਨੂੰ ਜ਼ਬਾਨੀ ਸੁਨੇਹਾ ਭੇਜ ਦਿੰਦਾ।

ਬੰਤੂ : ਕਿਉਂ ਸਰਦਾਰ ਕਾਰਡ ਕਰਕੇ ਬੰਤੂ ਨੂੰ ਵੀਹ ਰੁਪਏ ਨਾ ਦੇਣੇ ਪੈ ਜਾਣ। ਕੱਲ੍ਹ ਕਈ ਵੰਨੀਆਂ ਦੇ ਬੰਦੇ ਵੇਖੇ ਕਾਰਡ ਵੰਡਦਿਆਂ। ਕਈ ਭਲੇ ਲੋਕ



ਨਾਲ ਪਿਔਣ ਚਾਹ ਤੇ ਨਾਲ ਪੰਜਾਹ ਰੁਪਏ ਵੀ ਦੇਣ ਪਰ ਕਈ ਭੁੱਖ ਦੇ ਫੁੱਫੜ ਸਵੇਰੇ ਸਵੇਰੇ ਕੀ ਲੈਣ ਉਹਨਾਂ ਦਾ ਨਾਂ। ਤੁਸੀਂ ਮੈਨੂੰ ਤੋਰੋ ਜਲਦੀ ਜਲਦੀ।

ਧੁੰਨਾ : ਤੈਨੂੰ ਕੀ ਤੋਰੀਏ, ਤੂੰ ਆਪੇ ਤੁਰ ਜਾ।

ਬੰਤੂ : ਕੀ ਗੱਲ ਸਰਦਾਰਾ?

ਧੁੰਨਾ : ਕੀ ਦੱਸੀਏ? ਝੱਗਾ ਚੁਕਾਂਗੇ ਤੇ ਢਿੱਡ ਅਪਣਾ ਈ ਨੰਗਾ ਹੋਣੈਂ, ਜੇ ਘਰ ਨਾ ਹੋਣ ਵੀਹ ਰੁਪਏ ਤਾਂ ਕੀ ਕਰੀਏ।

ਬੰਤੂ : ਸਰਦਾਰਾਂ ਦੇ ਮੂੰਹੋਂ ਗੱਲ ਚੰਗੀ ਨਹੀਂ ਲੱਗਦੀ।

ਧੁੰਨਾ : ਕਾਹਦੇ ਸਰਦਾਰ ਆਂ? ਹੁਣ ਤਾਂ ਨਾਂ ਦੇ ਸਰਦਾਰ ਆਂ, ਸਾਡੇ ਤਾਂ ਬੱਸ ਵਾਜੇ ਵੱਜੇ ਪਏ ਨੇ।

ਬੰਤੂ : ਨਾ ਨਾ ਜ਼ਮੀਨ ਭਾਂਡੇ ਵਾਲੇ ਹੋ। ਅਸਾਂ ਤੁਹਾਡੇ ਤੋਂ ਖਾਣੈ, ਸਾਡੇ ਕਿਹੜੇ ਬਾਹਰ ਹੱਲ ਚਲਦੇ ਨੇ।

ਧੁੰਨਾ : ਤੇਰੇ ਬਾਹਰ ਹੱਲ ਵਗਦੇ ਹੁੰਦੇ ਤਾਂ ਤੂੰ ਸ਼ਹਿਨਸ਼ਾਹ ਅਕਬਰ ਹੁੰਦਾ। ਛੇ ਮਹੀਨੇ ਮੂੰਹ ਚੁੱਕ ਕੇ ਫ਼ਸਲ ਵੱਲ ਵੇਖਣਾ ਪੈਂਦੈ, ਪੱਲੇ ਸੁਆਹ ਹੀ ਪੈਂਦੀ ਏ ਤੇ ਆੜਤੀਏ ਦਾ ਕਰਜ਼ਾ ਹਨੂਮਾਨ ਦੀ ਪੂਛ ਵਾਂਗ ਵਧਦਾ ਈ ਜਾਂਦੈ। ਜ਼ਮੀਨਾਂ ਵੀ ਕੀ ਕਰਨਗੀਆਂ? ਸਾਨੂੰ ਚਾਰ ਭਰਾਵਾਂ ਨੂੰ ਆਏ ਚਾਰ-ਚਾਰ ਕਿਲੇ, ਅੱਗੋਂ ਮੇਰੇ ਦੋ ਮੁੰਡਿਆਂ ਨੂੰ ਦੋ-ਦੋ ਕਿਲੋ ਆਉਣੀ ਏ। ਏਦਾਂ ਵੰਡ ਚਲਦੀ ਰਹੀ ਤਾਂ ਇੱਕ ਦਿਨ ਐਸਾ ਆਵੇਗਾ ਕਿ ਕੱਲੇ ਕੱਲੇ ਦੇ ਹਿੱਸੇ ਮੰਜੀਆਂ ਡਾਹੁਣ ਜੋਗੀ ਥਾਂ ਹੀ ਰਹਿ ਜਾਵੇਗੀ।

ਬੰਤੂ : (ਮਖ਼ੌਲ ਕਰਦਾ ਹੋਇਆ) ਤੁਹਾਡੇ ਨਾਲੋਂ ਤਾਂ ਅਸੀਂ ਕੰਮੀ ਲੋਕ ਈ ਚੰਗੇ ਆਂ। ਕੱਲ੍ਹ ਤਿੰਨ ਸੌ ਰੁਪਿਆ ਹੋ ਗਿਐ ਕਾਰਡਾਂ ਦਾ ਹੀ।

ਧੁੰਨਾ : ਤੁਹਾਡੀਆਂ ਤਾਂ ਪੰਜੇ ਈ ਘਿਓ ਵਿੱਚ ਨੇ। ਕਿਸੇ ਦੇ ਵਿਆਹ ਹੋਵੇ ਜਾਂ ਅਖੰਡ ਪਾਠ, ਤੁਹਾਡੇ ਘਰ ਦੀ ਸਾਰੀ ਫ਼ੌਜ ਅਗਲੇ ਘਰ ਦੀ ਚੰਗੀ ਤਬਾਹੀ ਕਰਦੀ ਏ ਤਿੰਨ ਚਾਰ ਦਿਨ।

ਬੰਤੂ : ਨਾ ਹੋਰ ਫ਼ੌਜ ਨੂੰ ਬੀਕਾਨੇਰ ਭੇਜ ਦਿਆ ਕਰੀਏ? ਜੇ ਖਾਂਦੇ ਆਂ ਤਾਂ ਜੂਠ ਵੀ ਤਾਂ ਅਗਲਿਆਂ ਦੀ ਮਾਂਜਦੇ ਆਂ। ਤੁਸੀਂ ਖਾ ਕੇ ਵਗਾਹ ਕੇ ਮਾਰਦੇ ਹੋ ਥਾਲੀ ਸਾਡੇ ਸਿਰ ਵਿੱਚ ਬਾਕੀ ਸਾਰਾ ਖਿਲਾਰਾ ਸਾਨੂੰ ਈ ਸਾਂਭਣਾ ਪੈਂਦੈ।

ਧੁੰਨਾ : ਤੁਹਾਨੂੰ ਤਾਂ ਫੈਦਾ ਈ ਫੈਦਾ ਏ, ਪੱਲਿਓਂ ਤਾਂ ਨਹੀਂ ਲੱਗਦਾ।

ਬੰਤੂ : ਦੇ ਪੱਲਿਓਂ ਵੀਹ ਰੁਪਏ ਤੇ ਮੈਂ ਜਾਵਾਂ।

ਧੁੰਨਾ : ਬੰਤੂ, ਅੱਜ ਤਾਂ ਪੱਲੇ ਖੋਟੀ ਕੌਡੀ ਵੀ ਨਹੀਂ, ਸਹੁੰ ਚੁਕਾ ਲੈ ਭਾਵੇਂ।

ਬੰਤੂ : ਤੇਰੀ ਸਹੁੰ ਦਾ ਸਾਨੂੰ ਕੀ ਫੈਦਾ? ਕੰਮੀ ਨੂੰ ਇਵੇਂ ਵਾਪਸ ਕਰੋਗੇ ਤਾਂ ਮਿੱਟੀ ਤੁਹਾਡੀ ਪੁੱਟੀ ਜਾਵੇਗੀ।

ਧੁੰਨਾ : ਪੁੱਟ ਲੈ ਮਿੱਟੀ (ਕੁੱਝ ਸੋਚਣ ਬਾਅਦ) ਤੂੰ ਪਰਸੋਂ ਆ ਕੇ ਲੈ ਜਾਵੀਂ ਬੰਤੂ।

ਬੰਤੂ : ਮੈਂ ਵੀਹ ਰੁਪਏ ਪਿੱਛੇ ਗੇੜੇ ਮਾਰਦਾ ਫਿਰਾਂ?

ਧੁੰਨਾ : ਗੇੜੇ ਮਾਰਨ ਦਾ ਕਿਹੜਾ ਤੈਨੂੰ ਬਿੱਲ ਆਉਣੈਂ? ਪਰਸੋਂ ਆ ਜਾਈਂ ਯਾਰ.....

ਬੰਤੂ : (ਮਖੌਲ ਨਾਲ) ਪਰਸੋਂ ਕਿਹੜਾ ਤੈਨੂੰ ਚੈੱਕ ਮਿਲ ਜਾਣੈ ਸਰਕਾਰੀ?

ਧੁੰਨਾ : ਬੰਤੂ, ਤਬਾਰ ਵੀ ਕੋਈ ਚੀਜ ਹੁੰਦੈ, ਬੰਦੇ ਦੇ ਜ਼ੁਬਾਨ ਦੀ ਵੀ ਕੋਈ ਗੱਲ ਹੁੰਦੀ ਏ, ਤੇਰੇ ਵਾਸਤੇ ਕੋਈ ਹੀਲਾ ਵਸੀਲਾ ਤਾਂ ਕਰਾਂਗੇ ਹੀ।

ਬੰਤੂ : (ਚੋਭ ਲਾਉਂਦਾ ਹੋਇਆ) ਹੀਲਾ ਵਸੀਲਾ ਮੈਂ ਦਸਦਾਂ। ਆਹ ਫੜ੍ਹ ਖਾਂ ਮੇਰੇ ਤੋਂ ਅੱਠ ਦਸ ਕਾਰਡ ਤੇ ਫਿਰ ਜਾ ਚਾਰ ਪੰਜ ਘਰ।

ਧੁੰਨਾ : ਕਰ ਲੈ ਮਖੌਲ, ਅੱਜ ਦਾ ਦਿਨ ਤੇਰਾ ਦਿਨ ਏ।

ਬੰਤੂ : ਤੇਰੇ ਵਰਗੇ ਸਾਡਾ ਹੱਕ ਮਾਰੀ ਜਾਣ ਤਾਂ ਸਾਡੇ 'ਤੇ ਗੜੇ ਮਾਰ ਕਿਵੇਂ ਨਾ ਹੋਊ?

ਧੁੰਨਾ : ਤੇਰਾ ਕੰਮ ਕਾਰਡ ਵੰਡਣਾ ਏ ਪਰ ਤੇਰਾ ਹੱਕ ਨਹੀਂ ਪੈਸੇ ਮੰਗਣਾ। ਇਹ ਤਾਂ ਸਾਡੀ ਖੁਲ੍ਹਦਿਲੀ ਏ ਜੋ ਤੇਰੇ ਵਰਗਿਆਂ ਨੂੰ ਖ਼ੁਸ਼ ਕਰਕੇ ਭੇਜਦੇ ਰਹੇ ਆਂ।

ਬੰਤੂ : ਹੱਕ ਕਿਉਂ ਨਹੀਂ? ਕੰਮੀ ਦਾ ਹੱਕ ਹੁੰਦੈ।

ਧੁੰਨਾ : ਤੇਰਾ ਹੱਕ ਮਾਰਿਆ ਕਦੇ ਪਹਿਲਾਂ? ਯਾਦ ਕਰ ਉਹ ਵਕਤ ਜਦ ਤੇਰੇ ਘਰ ਆਟੇ ਦੀ ਇੱਕ ਮੁੱਠ ਨਹੀਂ ਸੀ ਹੁੰਦੀ, ਕਿੰਨੀ ਵਾਰ ਮੇਰੇ ਘਰੋਂ ਤੂੰ ਆਟਾ ਲਿਜਾ ਕੇ ਚੁੱਲ੍ਹਾ ਬਾਲਦਾ ਰਿਹਾ।

ਬੰਤੂ : ਵਕਤ ਵਕਤ ਦੀ ਗੱਲ ਏ ਧੁੰਨਾ ਸਿੰਘ। ਤੂੰ ਆ ਜਾ ਮੇਰੇ ਨਾਲ ਭਾਂਡਾ ਫੜ੍ਹ ਕੇ ਮੇਰੇ ਘਰ, ਤੈਨੂੰ ਆਟਾ ਪਾ ਦਿਆਂਗੇ।

(ਮਿੰਦਰ ਆਉਂਦੀ ਹੈ, ਜਿਸ ਨੇ ਬੰਤੀ ਦੀ ਗੱਲ ਸੁਣ ਲਈ ਹੈ)

ਮਿੰਦਰੋ : ਤੈਨੂੰ ਸ਼ਰਮ ਨਾ ਆਈ ਇਵੇਂ ਬੋਲਦੇ? ਕਿੰਨੀ ਵਾਰੀ ਤੂੰ ਟਾਹਲੀਆਂ ਵਾਲੇ ਕਿਲੇ ਵਿੱਚੋਂ ਸਾਗ ਤੋੜ ਕੇ ਲਿਆਂਦਾ ਰਿਹਾ, ਅਸੀਂ ਨਾ ਤੈਨੂੰ ਡੱਕਿਆ। ਘਰ ਕੋਈ ਅਖੰਡ ਪਾਠ ਰੱਖਣਾ ਤਾਂ ਤੈਨੂੰ ਦੂਜਿਆਂ ਨਾਲੋਂ ਵੱਧ ਦੇ ਕੇ ਤੋਰਨਾ, ਤੂੰ ਸਭ ਕੁੱਝ ਭੁੱਲ ਗਿਐਂ ?

ਬੰਤੂ : ਮੇਰੇ 'ਤੇ ਰੋਅਬ ਪਾਉਣ ਦੀ ਲੋੜ ਨਹੀਂ ਬਾਬੇ ਆਦਮ ਦੇ ਵੇਲੇ ਦੀਆਂ ਗੱਲਾਂ ਚੇਤੇ ਕਰਾ ਕੇ। ਕਰ ਕੇ ਲਿਜਾਂਦੇ ਰਹੇ ਆਂ, ਕੋਈ ਹੱਥ 'ਤੇ ਹੱਥ ਨਹੀਂ ਸੀ ਧਰ ਕੇ ਬੈਠੇ ਰਹਿੰਦੇ। ਤੁਸੀਂ ਕੱਢੋ ਵੀਹ ਰੁਪਏ ਤੇ ਮੈਂ ਕਿਸੇ ਹੋਰ ਘਰ ਵੱਲ ਮੂੰਹ ਕਰਾਂ।

ਧੁੰਨਾ : ਤੈਨੂੰ ਕਹਿ ਜੁ ਦਿੱਤੈ ਪਰਸੋਂ ਆ ਕੇ ਲੈ ਜਾਈਂ।

ਬੰਤੂ : ਮੈਂ ਨਹੀਂ ਆਉਂਦਾ ਪਰਸੋਂ।

ਧੁੰਨਾ : ਨਹੀਂ ਤਾਂ ਨਾ ਸਹੀ।



ਬੰਤੂ : ਸਾਰੀ ਬਰਾਦਰੀ 'ਚ ਆਖਾਂਗਾ ਧੁੰਨਾ ਸਿੰਘ ਦੇ ਘਰ ਭੁੱਖ ਨੱਚਦੀ ਪਈ ਏ।

ਮਿੰਦਰੋ : ਕਰ ਲਈਂ ਬਕਵਾਸ, ਸਾਨੂੰ ਨਹੀਂ ਪੈਂਦਾ ਫ਼ਰਕ।

ਬੰਤੂ : ਫਿਰ ਨਾ ਆਖਿਓ ...

ਧੁੰਨਾ : (ਟੋਕਦੇ ਹੋਏ) ਜੋ ਕਹਿਣਾ ਏ ਕਹਿ ਲਵੀਂ, ਮੇਰੀ ਕੋਈ ਫੀਤੀ ਨਹੀਂ ਲਹਿ ਚਲੀ। ਹੋਰ ਜ਼ਿਆਦਾ ਬੋਲਿਆ ਤਾਂ ਧੱਕੇ ਮਾਰ ਕੇ ਬਾਹਰ ਕੱਢਾਂਗਾ ਚੋਰਾ !

ਬੰਤੂ : ਮੈਨੂੰ ਚੋਰ ਕਿਹੈ? ਕਿਸ ਸਾਲੇ ਦੀ ਮੈਂ ਕੀਤੀ ਚੋਰੀ?

ਧੁੰਨਾ : ਭੁੱਲ ਗਿਐਂ ਉਹ ਵਕਤ ਜਦੋਂ ਗਿਆਨ ਆੜਤੀਏ ਦੇ ਮੁੰਡੇ ਦੇ ਵਿਆਹ 'ਤੇ ਘਿਓ ਦਾ ਟੀਨ ਖਿਸਕਾ ਕੇ ਲੈ ਆਇਆ ਸੀ, ਜਦ ਤੂੰ ਮੈਨੂੰ ਫਿਰਨੀ 'ਤੇ ਮਿਲਿਆ ਸੀ ਉਦੋਂ ਤਰਲੇ ਕੱਢਦਾ ਸੀ ਗਿਆਨ ਸਿੰਘ ਆੜਤੀਏ ਨੂੰ ਨਾ ਦੱਸੀਂ। ਜੇ ਮੈਂ ਉਹਨੂੰ ਅੱਜ ਵੀ ਦੱਸ ਦੇਵਾਂ ਤਾਂ ਚੜ੍ਹ ਜਾਏਗਾ ਰਾਸ਼ਨ ਪਾਣੀ ਲੈ ਕੇ ਤੇਰੇ 'ਤੇ, ਨਾਲ ਹੀ ਭੂਤਨੀ ਭੁਲਾ ਦੇਵੇਗਾ ਤੇਰੀ।

ਬੰਤੂ : ਭੂਤਨੀ ਤਾਂ ਤੇਰੀ ਭੁਲਾਵੇਗਾ ਜਿਹਦੇ ਤੋਂ ਕਰਜ਼ਾ ਲੈ ਕੇ ਤੂੰ ਕੁੜੀ ਦਾ ਵਿਆਹ ਕੀਤੈ। ਜਦ ਕਰਜ਼ਾ ਲਾਵਾਂਗਾ ਤਾਂ ਢਾਵਾਂ ਮਾਰ-ਮਾਰ ਰੋਵੇਂਗਾ। ਤੁਹਾਨੂੰ ਕੱਖਾਂ ਵਾਂਗੂੰ ਰੋਲ ਕੇ ਰੱਖ ਦੇਵੇਗਾ ਗਿਆਨ ਸਿੰਘ, ਤੁਸੀਂ ਭੁੱਖੇ ਨਾ ਮਰੇ ਤਾਂ ਮੈਨੂੰ ਪਿਓ ਦਾ ਪੁੱਤ ਨਾ ਆਖੀਂ, ਕਿਸੇ ਹੋਰ ਦਾ ਕਹਿ ਦੇਵੀਂ।

(ਬੋਲਦਾ ਬੋਲਦਾ ਬੰਤੂ ਚਲਾ ਜਾਂਦਾ ਹੈ।

ਮਿੰਦਰੋ : ਕੰਮੀਆਂ ਨੂੰ ਵੀ ਗੱਲਾਂ ਆਉਣ ਲੱਗ ਪਈਆਂ ਨੇ, ਕਿੱਡੀ ਹਵਾ ਉੱਚੀ ਹੋਈ ਪਈ ਏ ਇਹਨਾਂ ਲੋਕਾਂ ਦੀ।

ਧੁੰਨਾ : ਜਦ ਬੰਦੇ ਦੇ ਦਿਨ ਮਾੜੇ ਆਏ ਹੋਣ, ਉਹਨੂੰ ਹਰ ਕੋਈ ਟਿੱਚ ਸਮਝਦੈ। ਐਤਕਾਂ ਕਣਕ ਦੀ ਫ਼ਸਲ ਸਹੀ ਸਲਾਮਤ ਘਰ ਆ ਜਾਏ ਸਹੀ। ਫ਼ਸਲ ਚੰਗੀ ਹੋ ਜਾਏ, ਕਿਤੇ ਆੜਤੀਏ ਦੇ ਕਰਜ਼ੇ ਤੋਂ ਕੁੱਝ ਖੁਲਾਸੀ ਹੋ ਜਾਏ। ਰਾਤ ਕਿੰਨਾ ਮੀਂਹ ਪਿਐ, ਜਦ ਕੋਈ ਛਰਾਟਾ ਆਉਂਦਾ ਸੀ ਤਾਂ ਮੇਰਾ ਦਿਲ ਕੰਬਣ ਲੱਗ ਪੈਂਦਾ ਸੀ। ਰੱਬ ਵੀ ਸਾਲਾ ਤਰਸ ਨਹੀਂ ਕਰਦਾ ਮਾੜਿਆਂ 'ਤੇ।

ਮਿੰਦਰੋ : ਹੁਣ ਰੱਬ ਨਾਲ ਲੱਗਾ ਏਂ ਮੱਥਾ ਲਾਉਣ। ਕੀ ਵਿਗਾੜ ਲਵੇਂਗਾ ਰੱਬ ਦਾ?

ਧੁੰਨਾ : ਰੱਬ ਦੀ ਕਿਹੜਾ ਲੱਤ ਤੋੜ ਲੈਣੀ ਕਿਸੇ ਨੇ? ਵਰ੍ਹਾਈ ਜਾਵੇ ਮੀਂਹ ਸੋਨੇ ਵਰਗੀ ਫ਼ਸਲ 'ਤੇ।

ਮਿੰਦਰੋ : ਹੋਰ ਮਹੀਨੇ ਨੂੰ ਕਣਕ ਦੀ ਫ਼ਸਲ ਘਰੇ ਆਉਣੀ ਏ, ਹੁਣ ਤਾਂ ਮੀਂਹ ਤਾਂ

ਕੀ, ਸੋਨੇ ਦੀ ਵੀ ਛਿੱਟ ਨਹੀਂ ਪੈਣੀ ਚਾਹੀਦੀ। ਗੱਲ ਪਰਤਦੀ ਹੋਈ) ਪਿਛਲੇ ਤਿੰਨ ਚਾਰ ਦਿਨਾਂ ਤੋਂ ਤੂੰ ਸੁੱਤਾ ਈ ਗੱਲਾਂ ਕਰੀ ਜਾਂਦੈ। ਕਿਹਦੇ ਨਾਲ ਕਰਦੈਂ ਗੱਲਾਂ? ਸੁਫ਼ਨੇ ਵਿੱਚ ਟਾਹਲੀਆਂ ਟਾਹਲੀਆਂ ਬੋਲੀ ਜਾਂਦੈ।

ਧੁੰਨਾ : ਸੁਫ਼ਨੇ ਵਿੱਚ ਚੋਰਾਂ ਸਾਡੀਆਂ ਟਾਹਲੀਆਂ ਵੱਢ ਲਈਆਂ ਸੀ।

ਮਿੰਦਰੋ : ਆੜ੍ਹਤੀਏ ਨੂੰ ਲਿਖ ਕੇ ਦੇ ਜੂ ਦਿੱਤਾ ਟਾਹਲੀਆਂ ਦਾ। ਜੇ ਪੈਸੇ ਨਾ ਦੇ ਸਕੇ ਹਾੜ੍ਹੀ ਤੇ ਤਾਂ ਉਹ ਟਾਹਲੀਆਂ ਵੱਢ ਕੇ ਲੈ ਜਾਵੇਗਾ। ਤੈਨੂੰ ਕਿਹਨੇ ਕਿਹਾ ਸੀ ਹੱਥ ਵੱਢ ਕੇ ਦੇਣ ਦਾ?

ਧੁੰਨਾ : ਮਰਦਾ ਕੀ ਨਾ ਕਰਦਾ। ਕੁੜੀ ਦਾ ਵਿਆਹ ਤਾਂ ਕਰਨਾ ਈ ਪੈਣਾ ਸੀ, ਟਾਹਲੀਆਂ ਨਾ ਲਿਖਦਾ ਤਾਂ ਹੋਰ ਪੈਲੀ ਲਿਖ ਦੇਂਦਾ ਜਿਹੜੀ ਚਾਰ ਕਿਲੇ ਹੈਗੀ ਏ।

ਮਿੰਦਰੋ : ਤੇਰੀ ਟਾਹਲੀਆਂ ਜਾਣਗੀਆਂ ਭੰਗ ਦੇ ਭਾੜੇ। ਇੱਕ ਵਾਰ ਬੰਦਾ ਅੜਿੱਕੇ ਚੜ੍ਹ ਜਾਏ ਸੀ ਆੜ੍ਹਤੀਆਂ ਦੇ, ਫਿਰ ਵੇਖੀਂ ਕੀ ਭਾਅ ਵਿਕਦੀ ਏ?

ਧੁੰਨਾ : ਸਧਰਾਂ ਨਾਲ ਪਾਲੀਆਂ ਟਾਹਲੀਆਂ ਦੇ ਪੂਰੇ ਤੀਹ ਹਜ਼ਾਰ ਖੱਟਾਂਗਾ।

ਮਿੰਦਰੋ : ਬਟੂਆ ਲੈ ਆ ਨਵਾਂ ਬਜ਼ਾਰੋਂ !

ਧੁੰਨਾ : ਬਟੂਆ ਸਾਡੀ ਕਿਸਮਤ ਵਿੱਚ ਕਿਥੇ? ਕਰ ਲੈ ਹੁੱਜਤਾਂ, ਤੂੰ ਨਾ ਕਰੇਂਗੀ ਤਾਂ ਹੋਰ ਤੇਰੇ ਜੁਆਕ ਕਰਨਗੇ।

ਮਿੰਦਰੋ : ਜੁਆਕ ਤਾਂ ਤੇਰੀਆਂ ਸਿਫ਼ਤਾਂ ਦੇ ਪੁਲ ਬੰਨ੍ਹਣਗੇ, ਤਾਰ ਦਿੱਤਾ ਤੂੰ ਉਹਨਾਂ ਨੂੰ।

(ਧੁੰਨੇ ਦਾ ਪੁੱਤਰ ਚੰਨਾ ਆਉਂਦਾ ਹੈ, ਉਸ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਹੈ, ਚੁੱਪ ਕਰਕੇ ਮੰਜੇ 'ਤੇ ਬੈਠ ਜਾਂਦਾ ਹੈ)

ਧੁੰਨਾ : ਹੁਣ ਤਾਂ ਸਾਰੀਆਂ ਆਸਾਂ ਹੀ ਇਸ ਫ਼ਸਲ 'ਤੇ ਨੇ......

ਚੰਨਾ : ਕਾਹਦੀ ਫ਼ਸਲ (ਰੋ ਪੈਂਦਾ ਹੈ)

ਧੁੰਨਾ : (ਘਬਰਾਈ ਆਵਾਜ਼ ਵਿੱਚ) ਕੀ ਹੋਇਆ ਫ਼ਸਲ ਨੂੰ ?

ਚੰਨਾ : ਗੜਿਆਂ ਨੇ ਸਾਰੀ ਫ਼ਸਲ ਤਬਾਹ ਕਰਤੀ।

ਮਿੰਦਰੋ : ਹੁਣ ਕੀ ਕਰਾਂਗੇ? ਕੀ ਖਾਵਾਂਗੇ ਤੇ ਸ਼ਾਹ ਦਾ ਕਰਜ਼ਾ ਕਿਵੇਂ....ਸ਼ਾਹ ਸਿੱਧਾ ਟਾਹਲੀਆਂ ਨੂੰ ਪਵੇਗਾ, ਅਜੇ ਕਲ੍ਹ ਈ ਕਹਿੰਦਾ ਪਿਆ ਸੀ ਜੇ ਫ਼ਸਲ ਤੇ ਸਾਬ੍ਹ ਪੂਰਾ ਨਾ ਹੋਇਆ ਤਾਂ ਟਾਹਲੀਆਂ ਸਾਬ੍ਹ ਪੱਧਰਾ ਕਰਨਗੀਆਂ।

ਧੁੰਨਾ : ਸਾਲੇ ਨੂੰ ਦਿਨ ਰਾਤ ਮੇਰੀਆਂ ਟਾਹਲੀਆਂ ਦੇ ਹੀ ਸੁਫ਼ਨੇ ਆਉਂਦੇ ਨੇ।
(ਗਿਆਨ ਸਿੰਘ ਆਉਂਦਾ ਹੈ)
ਸ਼ਾਹ ਜੀ?



ਗਿਆਨ ਸਿੰਘ: ਧੰਨਾ ਸਿੰਘ, ਮੇਰੇ ਬੰਦੇ ਗਏ ਨੇ ਟਾਹਲੀਆਂ ਵੱਢਣ।

ਧੁੰਨਾ : (ਡਾਹਢਾ ਦੁਖੀ ਹੋਇਆ) ਟਾਹਲੀਆਂ?

ਗਿਆਨ ਸਿੰਘ: ਫ਼ਸਲ ਤਾਂ ਤੇਰੀ ਲੈ ਗਈ ਗੜੇ, ਹੁਣ ਤਾਂ ਹਿਸਾਬ ਕਿਤਾਬ ਟਾਹਲੀਆਂ ਹੀ ਪੱਧਰਾ ਕਰਨਗੀਆਂ।

ਚੰਨਾ : ਤਾਇਆ, ਤੈਨੂੰ ਟਾਹਲੀਆਂ ਦੀ ਪੈ ਗਈ ਏ, ਐਧਰ ਸਾਡੀ ਪਲੀ ਪਲਾਈ ਫ਼ਸਲ ਨਾਸ ਹੋ ਗਈ।

ਗਿਆਨ ਸਿੰਘ: ਕਾਕਾ, ਹਮਦਰਦੀ ਤਾਂ ਮੈਨੂੰ ਵੀ ਏ। ਪਰ ਸਾਬ੍ਹ ਕਿਤਾਬ ਵਿੱਚ ਗੱਲ ਕੋਰੀ ਚਲਦੀ ਏ।

ਧੁੰਨਾ : ਸ਼ਾਹ ਜੀ ਕਰ ਲਉ ਰਾਂਝਾ ਰਾਜ਼ੀ, ਸਾਡੀ ਨਾ ਸੋਚਿਓ ਕਰਮਾਂ ਮਾਰਿਆਂ ਦੀ। ਲੈ ਜਾਓ ਟਾਹਲੀਆਂ ਤੇ ਪੈ ਜਾਏ ਤੁਹਾਡੇ ਕਾਲਜੇ ਠੰਡ।

ਗਿਆਨ ਸਿੰਘ: ਤੇਰੀ ਗੱਲ ਠੀਕ ਏ . ਇੱਕ ਵਾਰ ਸਾਬ੍ਹ ਕਿਤਾਬ ਲਮਕ ਜਾਵੇ ਤਾਂ ਫਿਰ ਨਹੀਂ ਹੁੰਦਾ ਸੂਤ। ਚੰਗਾ ਜਿਹਾਂ, ਰੱਬ ਰਾਖਾ।

ਧੁੰਨਾ : ਹੂੰ ਰੱਬ ਰਾਖਾ ! ਕਿੱਡਾ ਸਾਲਾ ਰੱਬ ਦਾ ਭਗਤ ਸਮਝਦੈ। ਰੱਬ ਨੇ ਵੀ ਚੰਗੀ ਕੀਤੀ, ਸਾਰੀ ਫ਼ਸਲ ਦੇ ਆਹੂ ਲਾਹ ਕੇ ਰੱਖ ਦਿੱਤੇ ਤੇ ਰਹਿੰਦੀ ਕਸਰ ਕੱਢ ਤੀ ਇਸ ਸਾਲੇ ਆੜ੍ਹਤੀਏ ਨੇ।

ਚੰਨਾ : ਸ਼ਾਹ ਬੰਦਾ ਨਹੀਂ, ਇਹ ਠੂੰਹਾ ਏ ਠੂੰਹਾ। (ਚੰਨਾ ਅੰਦਰ ਚਲਾ ਜਾਂਦਾ ਹੈ।)

ਮਿੰਦਰੋ : ਹੁਣ ਕੀ ਕਰਾਂਗੇ ?

ਧੁੰਨਾ : (ਗੰਡਾਸੀ ਫੜਦਾ ਹੋਇਆ) ਹੁਣ ਆਹ ਗੰਡਾਸੀ ਈ ਸਾਡਾ ਸਾਥ ਦੇਵੇਗੀ। ਸਾਰੀ ਉਮਰ ਮੈਨੂੰ ਜਿਹੜੇ ਲੋਕ ਲੁੱਟਦੇ ਰਹੇ ਮੈਂ ਉਹਨਾਂ ਦਿਨ ਦੇ ਚੋਰਾਂ ਤੋਂ ਗਿਣ-ਗਿਣ ਕੇ ਬਦਲੇ ਲਵਾਂਗਾ ਤੇ ਉਹਨਾਂ ਦੀ ਰਾਤ ਦੀ ਨੀਂਦ ਹਰਾਮ ਕਰ ਦਿਆਂਗਾ।

(ਮਿੰਦਰੋ ਇਸ ਤਰ੍ਹਾਂ ਖੜ੍ਹੀ ਹੈ ਜਿਵੇਂ ਪੱਥਰ ਬਣ ਗਈ ਹੋਵੇ, ਧੁੰਨਾ ਸਿਰ 'ਤੇ ਪਰਨਾ ਬੰਨ੍ਹ ਕੇ ਇੱਕ ਕੱਪੜੇ ਨਾਲ ਚਿਹਰੇ ਦਾ ਜ਼ਿਆਦਾ ਹਿੱਸਾ ਢੱਕ ਲੈਂਦਾ ਹੈ। ਪਿਸਟਲ ਹੱਥ ਵਿੱਚ ਫੜ ਕੇ ਚੋਰਾਂ ਦੀ ਤਰ੍ਹਾਂ ਵਿਖਾਈ ਦਿੰਦਾ ਹੈ।)

ਓ ਚੋਰੋ ! ਆ ਰਿਹੈ ਤੁਹਾਡਾ ਬਾਪ, ਸਾਬ੍ਹ ਕਿਤਾਬ ਹੁਣ ਹੋਏਗਾ ਪੱਧਰਾ।

(ਪਿੱਛੋਂ ਆਵਾਜ਼ ਆਉਂਦੀ ਹੈ)

ਚੋਰਾਂ ਦੀ ਦੁਨੀਆਂ ਅੰਦਰ
ਅੱਜ ਇੱਕ ਬਣਿਆ ਚੋਰ।
ਭੁੱਖ ਨੇ ਖ਼ੂਬ ਸਤਾਇਆ
ਹੁਣ ਚੋਰਾਂ ਨੂੰ ਪੈਣਗੇ ਮੋਰ।
ਚੋਰਾਂ ਦੀ ਦੁਨੀਆਂ.....
(ਹਨੇਰਾ ਹੋ ਜਾਂਦਾ ਹੈ)

# ਕਹਾਣੀਆਂ

### ਬਹੁਚਰਚਿਤ ਤੇ ਕਾਮਯਾਬ ਕਿਰਸਾਨੀ ਅੰਦੋਲਨ ਬਾਰੇ ਨਾਵਲ-

## ਅਸੀਂ ਬੰਦੂਕਾਂ ਨਹੀਂ ਬੀਜਦੇ (ਨਾਵਲ)

**ਨਾਵਲਕਾਰ ਸੁਖਮਿੰਦਰ ਸੇਖੋਂ**

ਪੰਨੇ 104 ਮੁੱਲ 200 ਪ੍ਰਕਾਸ਼ਕ ਤਰਲੋਚਨ ਪਬਲਿਸ਼ਰ ਚੰਡੀਗੜ੍ਹ

ਸੁਖਮਿੰਦਰ ਸੇਖੋਂ ਇੱਕ ਅਜਿਹਾ ਸਰਵ-ਪ੍ਰਵਾਨਿਤ ਹਸਤਾਖਰ ਹੈ ਜਿਸ ਨੇ ਪੰਜਾਬੀ ਸਾਹਿਤ ਨਾਲ ਜੁੜੀ ਹਰ ਵੰਨਗੀ ਉਤੇ ਆਪਣੀ ਵਾਹਵਾ ਕਲਮ ਅਜ਼ਮਾਈ ਹੈ । ਸ਼ੁਰੂਆਤੀ ਦੌਰ ਵਿੱਚ ਸੇਖੋਂ ਨੇ ਹਿੰਦੀ ਵਿੱਚ ਸਾਹਿਤ ਰਚਨਾ ਵੀ ਕੀਤੀ ।ਪ੍ਰੰਤੂ ਜਲਦੀ ਹੀ ਇਸ ਤੋਂ ਕਿਨਾਰਾ ਕਰਦਿਆਂ ਆਪਣੀ ਮਾਂ-ਬੋਲੀ ਵਿਚ ਰਚਨਾ ਕਰਨ ਦਾ ਠਾਣਦਿਆਂ ਹੋਇਆਂ ਬੜਾ ਕਬੂਲਣਯੋਗ ਸਾਹਿਤ ਰਚਿਆ,ਜਿਸ ਤਹਿਤ ਕਹਾਣੀ ਮੁੱਖ ਰੂਪ ਵਿੱਚ ਅਪਣਾਉਂਦਿਆਂ ਹੋਇਆ ਦਰਜਨ ਦੇ ਲਾਗੇ-ਚਾਗੇ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ। ਨਾਵਲ ਦੇ ਖੇਤਰ ਵਿੱਚ ਵੀ ਚਾਰ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ ।ਮਿੰਨੀ ਕਹਾਣੀ ਵਜੋਂ ਦੋ ਪੁਸਤਕਾਂ ਸੂਰਜ ਦਾ ਸਿਕਾਰ ਅਤੇ ਮਜ਼ਾਕ ਨਹੀਂ ਪ੍ਰੀਤੋ ।ਦੋ ਨਾਟਕ ਹੀਰੋ ਨਹੀਂ ਆਏਗਾ ਤੇ ਲੇਬਰ ਚੌਂਕ ਦੀਆਂ ਅੱਖਾਂ। ਕਵਿਤਾ ਦੇ ਖੇਤਰ ਵਿੱਚ ਵੀ ਗੌਲਣਯੋਗ ਕੰਮ ਕੀਤਾ ਹੈ। ਕਹਾਣੀ ਦੀਆਂ ਕਿਤਾਬਾਂ ਵਿੱਚੋ ਅਹਿਮ ਹਨ, ਉਚੀਆਂ ਕੰਧਾਂ ਦੀ ਸ਼ਰਾਰਤ, ਗੌਤਮ ਉਦਾਸ ਹੈ, ਕੁਰਸੀਆਂ ਤੇ ਆਮ ਆਦਮੀ, ਪੈੜਾਂ ਦੀ ਸ਼ਨਾਖ਼ਤ-।ਨਾਵਲ ਦੇਖ ਇੰਡੀਆ ਮੇਰੀ ਜਾਨ ਤੇ ਸੁਪਨਿਆਂ ਦਾ ਮੰਚਣ ਨੇ ਵੀ ਪੰਜਾਬੀ ਗਲਪਕਾਰੀ ਵਿੱਚ ਆਪਣਾ ਲੋਹਾ ਮਨਵਾਇਆ। ਅਸੀਂ ਬੰਦੂਕਾਂ ਨਹੀਂ ਬੀਜਦੇ ਨਿਰੋਲ ਕਿਰਸਾਨੀ ਅੰਦੋਲਨ ਦੀ ਹੀ ਤਰਜਮਾਨੀ ਕਰਦਾ ਨਾਵਲ ਹੈ,ਜਿਸ ਦਾ ਮੁੱਖ ਪਾਤਰ ਫਕੀਰੀਆ ਸਾਰੇ ਨਾਵਲ ਵਿੱਚ ਆਪਣੇ ਜੀਵਨ-ਕਾਲ ਨੂੰ ਪੇਸ਼ ਕਰਦਾ ਹੈ। ਉਸ ਦੀ ਜ਼ੁਬਾਨੀ ਨਾਵਲੀ ਬਿਰਤਾਂਤ ਪੇਸ਼ ਹੁੰਦਾ ਹੈ ਤੇ ਕਾਂਡ-ਦਰ-ਕਾਂਡ ਨਾਵਲ ਪਾਠਕ ਨੂੰ ਨਾਲ ਲੈ ਕੇ ਅਗਾਂਹ ਤੁਰਦਾ ਜਾਂਦਾ ਹੈ।

ਸੁਹਿਰਦ ਤੇ ਸਮਰੱਥ ਲੇਖਕ ਸੁਖਮਿੰਦਰ ਸੇਖੋਂ ਨੇ ਮੁੱਖ ਬੰਦ ਵਜੋਂ 'ਕਿਰਸਾਨੀ ਦਾ ਕਰਜ਼ ਬਿਆਨ ਕਰਦਿਆਂ ਫਕੀਰੀਆ ਪਾਤਰ ਨੂੰ ਪ੍ਰਸਤੁਤ ਕਰਦਿਆਂ ਆਪਣੇ ਹੀ ਜੀਵਨ ਦੇ ਸਫ਼ਰ ਨੂੰ ਅਭਿਵਿਅਕਤ ਕੀਤਾ ਜਾਪਦਾ ਹੈ। ਅਜਿਹਾ ਪੜ੍ਹਨ ਤੋਂ ਸਹਿਜ-ਭਾਵ ਨੂੰ ਮੁੱਖ ਰੱਖਦਿਆਂ ਪਹਿਲੀ ਨਜ਼ਰੀਂ ਹੀ ਆਖਿਆ ਜਾ ਸਕਦਾ ਹੈ ਕਿ ਇਹ ਨਾਵਲ ਦੇ ਰੂਪ ਵਿੱਚ ਲੇਖਕ ਆਪਣੇ ਜੀਵਨ ਨੂੰ ਹੀ ਬਿਆਨ ਕਰਦਾ ਹੈ, ਜਿਸ ਦੇ ਨਾਲ ਨਾਲ ਲਗਭਗ ਇਕ ਸਾਲ ਚੱਲੇ ਕਿਰਸਾਨੀ ਅੰਦੋਲਨ ਨੂੰ ਵੀ ਨਜਿੱਠਿਆ ਗਿਆ ਹੈ। ਭਾਵੁਕਤਾ ਦਾ ਅੰਸ਼ ਇਸ ਕਦਰ ਪ੍ਰਬਲ ਹੈ ਕਿ ਪਾਠਕ ਇੱਕੋ ਬੈਠਕ ਵਿੱਚ ਇਸ ਨਾਵਲ ਨੂੰ ਅੰਤ ਤੱਕ ਪੜ੍ਹਨ ਲਈ ਮਜਬੂਰ ਹੋ ਜਾਂਦਾ ਹੈ। ਲੇਖਕ ਨੇ ਨਾਵਲ ਦੇ ਸ਼ੁਰੂ ਵਿੱਚ ਕੇਵਲ ਇੱਕ ਸੰਬੋਧਨੀ ਸੁਰ ਵਾਲੀ ਤਸਵੀਰ ਨੂੰ ਪ੍ਰਸਤੁਤ ਕੀਤਾ ਹੈ, ਜਿਸ ਤੋਂ ਗਿਆਤ ਹੋ ਜਾਂਦਾ ਹੈ ਕਿ ਇੰਨੇ ਵੱਡੇ ਇਕੱਠ ਵਿੱਚ ਲੇਖਕ ਆਪਣੇ ਜੀਵਨ ਦੀ ਬਾਤ ਨੂੰ ਪੇਸ਼ ਕਰ ਰਿਹਾ ਹੈ, ਜਿਸ ਦਾ ਖੁਲਾਸਾ ਨਾਵਲ



ਤੇ ਅੰਤ ਤੱਕ ਪਹੁੰਚਦਿਆਂ ਸਹਿਜੇ ਹੀ ਹੋ ਜਾਂਦਾ ਹੈ।

ਆਰੰਭ ਤੋਂ ਅੰਤ ਤੱਕ ਨਾਵਲ ਪਾਠਕ ਨੂੰ ਉਂਗਲੀ ਲਗਾ ਕੇ ਨਾਲ ਤੋਰਣ ਵਿੱਚ ਸਫ਼ਲ ਰਹਿੰਦਾ ਹੈ। ਨਾਵਲੀ ਅੰਸ਼ ਵਿੱਚ ਵਾਰਤਾਲਾਪ ਵਧੇਰੇ ਆਕਰਸ਼ਿਤ ਕਰਨ ਵਾਲੀ ਹੈ,ਜਿਸ ਵਿੱਚ ਮਲਵਈ ਦੇ ਨਾਲ ਨਾਲ ਬਾਂਗਰ, ਪੁਆਧ ਤੇ ਪਟਿਆਲੇ ਦੇ ਆਲੇ-ਦੁਆਲੇ ਤਾ,ਤੇ ਤੇ ਤੀ ਵਾਲੇ ਉਚਾਰਣ ਨਾਲ ਗੈਲ-ਗੈਲ ਤੇ ਬਿਚਮਾਂ ਵਾਲੀ ਮਿਠਾਸ ਨੂੰ ਘੋਲ੍ਹਦੀ ਹੋਈ ਮਹਿਸੂਸ ਹੁੰਦੀ ਰਹਿੰਦੀ ਹੈ। 36ਕਾਂਡਾਂ ਵਿੱਚ ਲੇਖਕ ਨੇ ਬੜੇ ਸਲੀਕੇ ਨਾਲ ਆਪਣੀ ਕਿਸਾਨੀ ਹੋਣੀ ਨੂੰ ਦੂਜਿਆਂ ਦੀ ਹੋਣੀ ਦੇ ਰੂਪ ਵਿੱਚ ਪੇਸ਼ ਕਰਕੇ ਅੰਦੋਲਨ ਨੂੰ ਆਪਣਾ ਹਾਂਦਰੂ ਹੁੰਗਾਰਾ ਭਰਦਿਆਂ ਕਾਮਯਾਬੀ ਤੱਕ ਪਹੁੰਚਣ ਦੀ ਦਾਸਤਾਨ ਨੂੰ ਅਭਿਵਿਅਕਤ ਕੀਤਾ ਹੈ। ਕਿਧਰੇ ਵੀ ਉਲਾਰ ਭਾਵ ਉਜਾਗਰ ਨਹੀਂ ਹੁੰਦਾ,ਬਲਕਿ ਗੰਭੀਰਤਾ ਦਾ ਪੱਲਾ ਪਕੜਦਿਆਂ ਹੋਇਆ ਨੇਪਰੇ ਚੜ੍ਹਾਉਣ ਦਾ ਕਾਰਜ ਬਾਖ਼ੂਬੀ ਕੀਤਾ ਗਿਆ ਹੈ ।ਸਰਕਾਰੀ ਤੰਤਰ ਦੁਆਰਾ ਵਰਤਿਆ ਜਾਣ ਵਾਲਾ ਹਰ ਹਥਕੰਡਾ ਤੇ ਜਬਰ-ਜ਼ੁਲਮ ਦੀ ਇੰਤਹਾ ਨੂੰ ਬੜੇ ਮਾਰਮਿਕ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਕਿਸਾਨਾਂ ਦਾ ਸਿਰੜ ਤੇ ਭਈਵਾਲੀ ਵਾਲੀ ਸੋਚ ਨੂੰ ਉਜਾਗਰ ਕਰਨ ਵਿੱਚ ਲੇਖਕ ਪੂਰਾ ਸਫਲ ਹੋਇਆ ਹੈ। ਅਸ਼ਾਂਤ ਮਾਹੌਲ ਸਿਰਜੇ ਜਾਣ ਉਪਰੰਤ ਵੀ ਕਿਸਾਨ ਅਪਣੇ ਸਿਰੜ ਨਹੀਂ ਹਾਰਦੇ ਤੇ ਤਿਆਗੀ ਭੂਮਿਕਾ ਅਖਤਿਅਰ ਕਰਦਿਆਂ ਹਿੰਸਕ ਵਾਤਾਵਰਣ ਨੂੰ ਵੀ ਅਹਿੰਸਕ ਰੂਪ ਦੇ ਕੇ ਸਾਰੇ ਦੁੱਖ-ਤਕਲੀਫ ਸਹਾਰਦੇ ਦਿਖਾਏ ਗਏ ਹਨ ਅਤੇ ਸ਼ਾਇਦ ਇਹੋ ਹੀ ਉਨ੍ਹਾਂ ਦੀ ਕਾਮਯਾਬੀ ਆਖੀ ਗਈ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਨੂੰ ਵੀ ਮੁਆਫੀ ਮੰਗਣ ਉਤੇ ਆਮਾਦਾ ਹੋਣਾ ਪੈਂਦਾ ਹੈ।

ਭਰਪੂਰ ਹਾਜ਼ਰੀ ਨਾਵਲ ਵਿੱਚ ਸੇਖੋਂ ਨੇ ਕੇਵਲ ਬਿਰਤਾਂਤ ਹੀ ਨਹੀਂ ਸਿਰਜਿਆ, ਪ੍ਰਤੀਕ ਵੀ ਸਿਰਜੇ ਹਨ ।ਬੇਸ਼ਕ ਫਕੀਰੀਆ ਮੁੱਖ ਕਿਰਦਾਰ ਹੈ ਪ੍ਰੰਤੂ ਦੂਸਰੇ ਪਾਤਰ ਵੀ ਆਪੋ ਆਪਣੇ ਸੁਭਾਅ ਨਾਲ ਆਪਣੀ ਹਾਜ਼ਰੀ ਭਰਦੇ ਹਨ ਮਸਲਨ ਮੀਤੋ ਉਰਫ ਮੀਤ ਕੌਰ,ਗਿਆਨੀ ਕਸ਼ਮੀਰਾ ਸਿੰਘ,ਸੂਬਾ ਰਾਮ,ਮਲਕੀਤ ਸਿੰਘ, ਮੁਕੰਦੀ, ਬਲਦੇਵ ਸਿੰਘ ਬਾਂਗੜ ਆਦਿ। ਨਾਵਲ ਦੇ ਕੁਝ ਸੰਵਾਦ ਵੀ ਪਾਠਕਾਂ ਦੇ ਗੋਚਰੇ ਪ੍ਰਸਤੁਤ ਹਨ। ਕੁਰਸੀਆਂ 'ਤੇ ਬੈਠਕੇ ਆਪਣੇ ਆਪ ਨੂੰ ਰੱਬ ਈ ਸਮਝਣ ਲੱਗ ਪੇ-? ਕਦੇ ਖੇਤੀ ਬੀ ਕੀਤੀ ਐਹਲ ਵਾਹਿਐ ਕਦੇ?ਗੁੱਡਿਐ ਕਦੇ? ਕਿਆਰੇ ਮੋੜੇ ਐਂ ਕਦੇ--?ਬੱਡੇ ਕਰਸਾਨੀ ਬਿਲਾਂ ਦੇ--?ਤੁਸੀਂ ਲੋਗ ਤਾਂ ਕਦੇ ਫੌਜ 'ਚ ਬੀ ਭਰਤੀ ਨ੍ਹੀ ਹੋਏ--?ਬੱਡੇ ਦੇਸ ਭਗਤ !-ਮੈਂ ਤਾਂ ਕੱਲੇ-ਕੱਲੇ ਦੇ ਪੀਜੂੰ ਸੀਰਮੇਂ-

- ਕੰਮ ਦੇ ਬਦਲੇ ਰੋਟੀਆਂ ਤੇ ਰੋਟੀਆਂ ਬਦਲੇ ਕੰਮ-ਜੇਲ੍ਹ ਦਾ ਇਹੋ ਅਸੂਲ ਸੀ ਤੇ ਕਾਨੂੰਨ ਵੀ

-ਮੈਂ ਪਾਗਲ-? ਪਾਗਲ ਤਾਂ ਸਾਰਾ ਮੁਲਕ ਕਰ ਤਾ ਇਨ੍ਹਾਂ ਸਰਮੈਦਾਰਾਂ ਸਰਕਾਰਾਂ ਨੇ । ਕਿਰਸਾਨਾਂ ਦੀਆਂ ਜਮੀਨਾਂ 'ਤੇ ਅੱਖ ਐ ਇਨ੍ਹਾਂ ਸ਼ੈਤਾਨਾਂ ਦੀ। ਭਲਾ ਅਸੀਂ ਕਦੋਂ ਮੰਗੇ ਤੀ ਥੋਡੇ ਕਾਨੂੰਨ--? ਧੱਕੇ ਨਾਲ ਸਾਡੇ ਤੇ ਥੋਪਦੇ ਓਂ? ਸਾਡੀ ਰੁੱਖੀ ਮਿੱਸੀ ਬੀ ਥੋਨੂੰ ਚੁਭਦੀ ਐ-ਦੇਸ਼ ਦੇ ਲੁਟੇਰਿਓ !

- ਨਈਂ ਮੈਂ ਕਦ ਕਿਹੈ ਬੀ ਕਿ ਇਹ ਦੇਸ਼ ਮੇਰਾ ਜਾਂ ਤੇਰਾ ਨੀਂ-? ਮੇਰਾ ਮਤਲਬ ਤਾਂ ਮਾੜੇ ਬੰਦਿਆਂ ਤੋਂ ਐ,ਕੁਰੱਪਟ ਅਪਸਰਾਂ ਤੋਂ ਐ-ਮੇਰੀ ਗੱਲ ਨੂੰ ਸਮਝਿਆ ਕਰੋ, ਮੈਂ ਤਾਂ ਕਰਾਦੂੰ ਸਾਰਿਆਂ ਦਾ ਕੋਰਟ ਮਾਰਸ਼ਲ--ਔਰੈਟ!

ਕਿਰਸਾਨੀ ਅੰਦੋਲਨ ਵਿੱਚ ਕੇਵਲ ਤੇ ਕੇਵਲ ਕਿਰਸਾਨਾਂ ਨੇ ਹੀ ਹਿੱਸਾ ਨਹੀਂ ਲਿਆ,ਬਲਕਿ ਖੇਤ ਮਜ਼ਦੂਰਾਂ ਦੇ ਨਾਲ ਨਾਲ ਹਰ ਤਬਕੇ ਨੇ ਵੀ ਆਪਣਾ ਬਣਦਾ ਯੋਗਦਾਨ ਦਿੱਤਾ ਹੈ। ਇਸ ਸਭ ਕੁਝ ਦਾ ਪ੍ਰਗਟਾਵਾ ਇਸ ਨਾਵਲ ਵਿਚ ਮਿਲਦਾ ਹੈ। ਮਿਲਣਸਾਰਤਾ ਤੇ ਭਾਈਵਾਲਤਾ ਦੀ ਸਾਂਝੀ ਡੋਰ ਸਦਕਾ ਹੀ ਸਫ਼ਲਤਾ ਪ੍ਰਾਪਤ ਹੋਈ ਦਰਸਾਈ ਗਈ ਹੈ । ਕਿਸਾਨਾਂ ਨੇ ਪੜ੍ਹੇ ਲਿਖੇ ਤੰਤਰ ਨਾਲ ਆਢਾ ਡਾਹਕੇ ਕਿਵੇਂ ਆਪਣੀਆਂ ਦਲੀਲਾਂ ਨਾਲ ਕਾਮਯਾਬੀ ਹਾਸਲ ਕੀਤੀ,ਦਾ ਪ੍ਰਗਟਾਵਾ ਫਕੀਰੀਏ ਪਾਤਰ ਦੁਆਰਾ ਕਰਵਾ ਦਿੱਤਾ ਹੈ। ਮੁਕੱਦਮਆਂ ਦੀ ਬਾਤ ਤੇ ਲੜਾਈ-ਝਗੜਿਆਂ ਦੇ ਨਾਲ ਪਰਿਵਾਰਕ ਝਮੇਲਿਆਂ ਦੇ ਨਿਪਟਾਰੇ ਦਾ ਵੀ ਸਮਾਧਾਨ ਹੁੰਦਾ ਇਸ ਨਾਵਲ ਵਿੱਚ ਮਿਲ ਜਾਂਦਾ ਹੈ। ਤਹੁਮਤਬਾਜ਼ੀਆਂ ਤੇ ਫਿਕਰੇਬਾਜ਼ੀ ਦਾ ਵੀ ਅਸਰ

ਕਿਸਾਨਾਂ ਨੂੰ ਆਪਣੇ ਅਕੀਦੇ ਤੋਂ ਡੁਲਾ ਨਹੀਂ ਸਕਿਆ,ਬਲਕਿ ਸਖਤੀਆਂ,ਕੁਦਰਤੀ ਕਰੋਪੀਆਂ ਤੇ ਖੂਨਖਰਾਬੇ ਵਰਗੀਆਂ ਮਾਰਾਂ ਦਾ ਵੀ ਕਿਸਾਨਾਂ ਉਤੇ ਕੋਈ ਅਸਰ ਨਹੀਂ ਹੋਇਆ, ਸਗੋਂ ਦੂਣ-ਸਵਾਇ ਰੂਪ ਵਿੱਚ ਉਭਰ ਕੇ ਹੀ ਸਾਹਮਣੇ ਆਉਂਦੇ ਰਹੇ ।ਲੋਕਾਂ ਦੇ ਹਰ ਪ੍ਰਕਾਰ ਦੇ ਮਿਲਵਰਤਣ ਸਦਕਾ ਇਹ ਅੰਦੋਲਨ ਸੁਖਦ ਅੰਜਾਮ ਤੱਕ ਪਹੁੰਚਿਆ, ਜਿਸ ਵਿੱਚ ਇਸਤਰੀ ਵਿੰਗ ਨੇ ਵੀ ਕੋਈ ਕਸਰ ਨਹੀਂ ਰਹਿਣ ਦਿੱਤੀ ਅਤੇ ਲੇਖਕ ਨੇ ਇਸ ਮਾਹੌਲ ਨੂੰ ਵੀ ਬੜੀ ਕਲਾਤਮਿਕਤਾ ਨਾਲ ਬਿਆਨ ਕਰਦਿਆਂ ਚੁੰਨੀ ਤੇ ਤਿਰੰਗਾ ' ਦੇ ਸਿਰਲੇਖ ਹੇਠ ਪੰਨਾ 100 ਤੋਂ 104 ਤੱਕ ਪ੍ਰਸਤੁਤ ਕੀਤਾ ਹੈ ।ਕਿਰਸਾਨੀ ਸੰਸਦ ਵਿੱਚ ਫਕੀਰੀਏ ਪਾਤਰ ਦਾ ਅਮਲ ਤੇ ਸਹਿਯੋਗ ਦੇਖਣ ਤੇ ਮਹਿਸੂਸ ਕਰਨ ਵਾਲਾ ਹੈ ।ਬਰਾਬਰ ਦੀ ਸੰਸਦ ਚਲਾ ਕੇ ਕਿਰਸਾਨਾਂ ਨੇ ਸਰਕਾਰੀ ਤੰਤਰ ਨੂੰ ਪੁਸਟ ਕਰ ਦਿੱਤਾ ਹੈ ਕਿ ਸਾਡੇ ਵਿੱਚ ਤੁਹਾਡੇ ਸਾਰਿਆਂ ਵਾਲੀ ਯੋਗਤਾ ਹੈ ਅਤੇ ਕਿਸੇ ਵੀ ਤਰ੍ਹਾਂ ਨਾਲ ਘੱਟ ਨਹੀਂ ਕਿਆਸਿਆ ਜਾਣਾ ਚਾਹੀਦਾ ।ਲੇਖਕ ਨੇ ਆਪਣੀ ਕਲਪਨਾ ਨੂੰ ਵਿਰਾਮ ਦਿੰਦਿਆਂ ਪੰਨਾ 103 ਤੇ ਕਾਵਿਕ-ਬੋਲ ਪੇਸ਼ ਕੀਤੇ ਹਨ ਜੋ ਸਾਰੇ ਨਾਵਲ ਦੀ ਆਤਮਾ ਨੂੰ ਬਿਆਨ ਕਰਦੇ ਹੋਏ ਹਕੂਮਤਾਂ ਨੂੰ ਹੱਠ ਅੱਗੇ ਸੱਚ ਤੇ ਹੱਕ ਨੂੰ ਪ੍ਰਗਟਾ ਜਾਂਦੇ ਹਨ--

ਅਸੀਂ ਬੰਦੂਕਾਂ ਨ੍ਹੀਂ ਬੀਜਦੇ,ਧਰਤੀ ਦੇ ਗੀਤ ਗੌਂਦੇ ਹਾਂ
ਜ਼ਮੀਨਾਂ ਵਿੱਚ ਅੰਨ੍ਹ ਉਗਾਉਂਦੇ ਹਾਂ,
ਬੰਜਰਾਂ ਨੂੰ ਜ਼ਰਖੇਜ਼ ਬਣਾਉਂਦੇ ਹਾਂ
ਅਸੀਂ ਧਰਤੀ ਦੇ ਜਾਏ
ਆਪਣੇ ਨਗਰ ਖੇੜਿਆਂ
ਆਪਣੇ ਵਤਨ ਤੋਂ ਕੁਰਬਾਨ
ਬੰਦੂਕਾਂ ਨ੍ਹੀਂ ਬੀਜਦੇ,ਅੰਨ੍ਹ ਉਗਾਉਂਦੇ ਹਾਂ
ਧਰਤੀ ਦੇ ਗੀਤ ਗੌਂਦੇ ਹਾਂ--



ਕਿਰਸਾਨੀ ਸੰਘਰਸ਼ ਦਾ ਪਹਿਲਾ ਨਾਵਲ ਹੋਣ ਦਾ ਵੀ ਇਸ ਨਾਵਲ ਨੂੰ ਮਾਣ ਜਾਂਦਾ ਹੈ ।ਸੁਖਮਿੰਦਰ ਸੇਖੋਂ ਦਾ ਇਹ ਨਾਵਲ ਆਪਣੇ ਵਿਸ਼ਾ ਵਸਤੂ,ਕਾਲਪਨਿਕਤਾ ਤੇ ਯਥਾਰਥਕ ਪਹੁੰਚ ਤੇ ਆਪਣੀ ਅਲਗ ਸ਼ੈਲੀ,ਪਾਤਰੀ ਸੰਵਾਦ ਤੇ ਬਿਰਤਾਂਤ ਦੀ ਪੇਸ਼ਕਾਰੀ ਕਰਕੇ ਪਾਠਕਾਂ ਦੇ ਮਿਆਰ 'ਤੇ ਖੁਰਾ ਉਤਰੇਗਾ,ਅਜਿਹਾ ਯਕੀਨ ਕਰਨਾ ਬਣਦਾ ਹੈ।

**ਸਤਿੰਦਰ ਸਿੰਘ ਨੰਦਾ** , 95010-28851

◆◆◆

## ਸੁਖਦੇਵ ਸਿੰਘ ਗੰਢਵਾਂ ਰਚਿਤ ਕਾਵਿ-ਪੁਸਤਕ 'ਲੋਕ ਹਿੱਤਾਂ ਦੇ ਸੰਗ'

ਡਾ. ਜਗੀਰ ਸਿੰਘ ਨੂਰ

ਇੱਕੀਵੀਂ ਸਦੀ ਦੇ ਦੂਜੇ ਦਹਾਕੇ 'ਚ ਰਚੀ ਜਾ ਰਹੀ ਪੰਜਾਬੀ ਕਵਿਤਾ ਪਰੰਪਰਾ ਅਤੇ ਨਵੀਨਤਮ ਰੁਝਾਨਾਂ ਨੂੰ ਨਿਰੰਤਰ ਪ੍ਰਵਾਹਮਾਨ ਕਰ ਰਹੀ ਹੈ। ਇਸ ਵਿੱਚ ਅਧਿਆਤਮਕ ਰੰਗਣ ਵੀ ਹੈ, ਪ੍ਰਗਤੀਸ਼ੀਲਤਾ ਵੀ ਹੈ, ਪ੍ਰਯੋਗਵਾਦੀ ਸੁਰ ਵੀ ਹੈ, ਰੁਮਾਂਸ ਵੀ ਹੈ, ਸਮਾਜਕ ਚੇਤਨਾ ਵੀ ਹੈ ਅਤੇ ਉੱਤਰ ਆਧੁਨਿਕਤਾ ਤੱਕ ਦੇ ਸਰੋਕਾਰ ਵੀ ਸਮਿੱਲਤ ਹਨ। ਕਿਸ ਕਿਸ ਕਵੀ ਦਾ ਨਾਮ ਲਈਏ, ਬਹੁਤ ਸਾਰੇ ਹਸਤਾਖ਼ਰ ਹਨ ਪਰ ਇਸ ਮੌਕੇ ਸਾਡੇ ਸਾਹਮਣੇ ਕੇਵਲ ਸੁਖਦੇਵ ਸਿੰਘ ਗੰਢਵਾਂ ਜੀ ਹੀ ਹਨ, ਜੋ ਵਿਭਿੰਨ ਅਖ਼ਬਾਰਾਂ ਅਤੇ ਰਸਾਲਿਆਂ 'ਚ ਹੀ ਨਹੀਂ, ਸਗੋਂ ਪਿੰਡ ਪੱਧਰ ਤੋਂ ਲੈ ਕੇ ਉੱਚ ਪੱਧਰ ਦੀਆਂ ਸਟੇਜਾਂ ਉਪਰ ਆਪਣੇ ਕਾਵਿ-ਬੋਲਾਂ ਰਾਹੀਂ ਸਰੋਤਿਆਂ ਦੀ ਦਿਲ-ਦਹਿਲੀਜ਼ ਤੇ ਪਛਾਣਯੋਗ ਥਾਂ ਬਣਾ ਚੁੱਕੇ ਹਨ।

ਸੁਖਦੇਵ ਸਿੰਘ ਗੰਢਵਾਂ ਹੁਣ ਤੱਕ ਮਾਲਵਾ ਨਿਊਜ਼, ਅਦਬੀ ਪਰਿਕਰਮਾ, ਆਸ਼ਿਆਨਾ, ਆਵਾਮ ਕੀ ਆਵਾਜ਼, ਲੋਕਵਾਣੀ, ਮਾਨਸਰੋਵਰ, ਸੁੱਚਾ ਰੂਪ ਅਤੇ ਸਿਮਰਨ ਤੋਂ ਇਲਾਵਾ ਸਮਰਾਟ, ਸੰਗੀਤ ਦਰਪਣ, ਜਨਤਾ ਸੰਸਾਰ, ਸਾਹਿਬ ਮੈਗਜ਼ੀਨ ਯੂ.ਕੇ, ਸਿੱਖ ਮੈਗਜ਼ੀਨ, ਮਿਸ਼ਨਰੀ ਸੇਧਾਂ, ਸਿੱਖ ਗਾਰਡੀਅਨ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ। ਇਸ ਤੋਂ ਇਲਾਵਾ ਮੂਹੋਂ ਬੋਲਦੀਆਂ ਕਲਮਾਂ, ਕਲਮਾਂ ਦੀ ਪਰਵਾਜ਼, ਕਲਮਾਂ ਦੇ ਯੋਧੇ, ਸ਼ਹੀਦ ਕਰਤਾਰ ਸਿੰਘ ਸਰਾਭਾ ਆਦਿ ਕਾਵਿ ਸੰਗ੍ਰਹਿਾਂ ਵਿੱਚ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ, ਇਸ ਤਰ੍ਹਾਂ ਦੇ ਯੋਗਦਾਨ ਸਦਕਾ ਉਹ ਹਰਮਨ ਪਿਆਰਾ ਵੀ ਹੋਇਆ ਹੈ ਅਤੇ ਵਕਤ-ਦਰ-ਵਕਤ ਇਸ ਦੀ ਕਾਵਿਸਿਰਜਣ ਕਲਾ 'ਚ ਨਿਖਾਰ ਵੀ ਆਇਆ ਹੈ।

ਸੁਖਦੇਵ ਸਿੰਘ ਗੰਢਵਾਂ ਜਿੱਥੇ ਸਹਿਜ-ਸੁਭਾਵਿਕ, ਨਿਰਛੱਲ ਅਤੇ ਪਿਆਰ-ਸੁਹਿਰਦਤਾ ਭਰਪੂਰ ਸਲੀਕੇ ਵਾਲੇ ਸਰੋਕਾਰਾਂ ਨਾਲ ਤਹਿ ਦਿਲੋਂ ਜੁੜਿਆ ਹੋਇਆ ਹੈ ਅਤੇ ਸਵੱਛਤਾ ਦਾ ਧਾਰਨੀ ਹੋ ਕੇ ਗ੍ਰਹਿਸਥੀ ਜੀਵਨ ਦੇ ਪੰਜ ਪਾਂਜਿਆਂ ਨੂੰ ਸ਼ੁੱਧਤਾ ਸਹਿਤ ਜੀਊ ਕੇ ਹੰਢਾਅ ਰਿਹਾ ਹੈ, ਉਥੇ ਪੰਜਾਬੀ ਘਰ, ਪਰਿਵਾਰ, ਸਮਾਜ ਅਤੇ ਦੇਸ਼-ਕੌਮ ਲਈ ਨਵੇਂ ਸਵੇਰਿਆਂ ਦੇ ਸਿਰਜਕ ਵਜੋਂ ਵੀ ਕਾਰਜਸ਼ੀਲ ਹੈ। ਇਸ ਦਾ ਵਿਅਕਤਿੱਤਵ ਤੇ ਜੀਵਨ-ਵਰਤਾਰਾ ਕੋਈ ਭਿੰਨ ਨਹੀਂ ਹੈ। ਇਹ ਸਹਿਜ ਹੈ, ਠਰੰਮੇ ਦਾ ਧਾਰਨੀ ਹੈ, ਸਬਰ-ਸੰਤੋਖ ਵਾਲਾ ਹੈ ਅਤੇ ਚਿੰਤਨ ਤੇ ਚਿੰਤਾ ਦਾ ਧਾਰਨੀ ਵੀ ਹੈ। ਇਸੇ ਚਿੰਤਾ-ਚਿੰਤਨਧਾਰਾ ਅਤੇ ਸੋਚ-ਦ੍ਰਿਸ਼ਟੀ ਜਾਂ ਜੀਵਨ ਜਾਚ ਨੇ ਇਸ ਵਿਚ ਕਾਵਿਕ ਚਿਣਗ ਨੂੰ ਜਨਮ ਦਿੱਤਾ।

ਮਿੱਤਰ, ਸਰੋਤਿਆਂ, ਅਖ਼ਬਾਰਾਂ, ਮੈਗਜ਼ੀਨਾਂ ਨੇ ਇਸ ਵਿਚ ਕਾਵਿਕ ਤੀਬਰਤਾ ਅਤੇ ਉਤਸ਼ਾਹ ਭਰਿਆ, ਸਿੱਟੇ ਵਜੋਂ ਇਹ ਸਾਡੇ ਸਾਹਮਣੇ ਕਾਵਿ-ਪੁਸਤਕ 'ਲੋਕ ਹਿੱਤਾਂ ਦੇ ਸੰਗ' ਲੈ ਕੇ ਹਾਜ਼ਰ ਹੈ।

ਲੋਕ ਹਿੱਤਾਂ ਦੇ ਸੰਗ' ਕਾਵਿ-ਸੰਗ੍ਰਹਿ ਨਵੇਂ ਨਿਵੇਕਲੇ ਕਾਵਿਪੈਰਾਡਾਇਮ, ਨੂੰ ਭਾਵੇਂ ਸਾਡੇ ਸਨਮੁੱਖ ਨਹੀਂ ਕਰਦਾ ਅਤੇ ਨਾ ਹੀ ਨਵੇਂ-ਨਵੇਂ ਕਾਵਿ-ਰੂਪਾਂ ਦੇ ਤਜ਼ਰਬਿਆਂ ਨੂੰ ਪ੍ਰਗਟਾਉਂਦਾ ਦ੍ਰਿਸ਼ਟਮਾਨ ਹੁੰਦਾ ਹੈ, ਪਰ ਸਮਾਜਕ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਕਿਰਤਕ-ਯਥਾਰਥ, ਸਮਾਜਕ ਯਥਾਰਥ ਅਤੇ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਤੋਂ ਜ਼ਰੂਰ ਉਭਾਰਦਾ ਹੋਇਆ ਪਾਠਕਾਂ/ਆਲੋਚਕਾਂ ਦੇ ਸਨਮੁੱਖ ਹੁੰਦਾ ਹੈ। ਜਟਿਲਤਾ ਨੂੰ ਤਿਲਾਂਜਲੀ ਦੇਂਦਾ ਹੋਇਆ ਇਹ ਕਵੀ ਬੜੀ, ਸਰਲ-ਠੇਠ, ਮੁਹਾਵਰੇਦਾਰ ਅਤੇ ਆਮ ਤੋਂ ਖਾਸ ਪਾਠਕ ਤੱਕ ਕਾਵਿ-ਅਨੁਭੂਤੀ ਦੀਆਂ ਚਿਣਗਾਂ ਜਗਾਉਣ ਵਾਲੀ ਸ਼ਬਦਾਵਲੀ ਅਤੇ ਬਿੰਬ ਸਿਰਜਣਾ ਜ਼ਰੀਏ ਇਹ ਰਚਨਾਵਾਂ ਹਰ ਵਰਗ ਦੇ ਪਾਠਕ ਦੇ ਅੰਦਰ ਵੱਸ ਜਾਣ ਦੀ ਸਮਰਥਾ ਰੱਖਦੀਆਂ ਹਨ।

ਕਵੀ ਦੀ ਪ੍ਰਬਲ ਭਾਵਨਾ ਹੈ ਕਿ ਸਾਡਾ ਘਰ, ਸਾਡੇ ਗਲੀ-ਮੁਹੱਲੇ, ਸਾਡਾ ਪਿੰਡ, ਸਾਡਾ ਸ਼ਹਿਰ, ਸਾਡਾ ਸਮਾਜ ਹਰ ਪੱਖੋਂ ਤੰਦਰੁਸਤ ਹੋ ਜਾਵੇ। ਜਿਸ ਵਿਚ ਨਾ ਗਰੀਬੀ ਰਹੇ, ਨਾ ਬੇਰੁਜ਼ਗਾਰੀ, ਨਾ ਸਮਾਜਕ ਜਾਤੀ ਵੰਡ, ਨਾ ਭ੍ਰਿਸ਼ਟਾਚਾਰ, ਨਾ ਨਸ਼ਾਖੋਰੀ ਅਤੇ ਨਾ ਹੀ ਰਿਸ਼ਤਿਆਂ ਵਿਚਲੀ ਦਵੰਦਾਤਮਕ ਦੀਵਾਰ ਰਹੇ। ਸਗੋਂ ਸਭਨਾਂ ਪੱਖਾਂ ਤੋਂ ਖੁਸ਼ਹਾਲੀ, ਖੇੜਾ ਅਤੇ ਹਰਿਆਵਲ ਪੱਸਰੀ ਰਹੇ। ਇਸੇ ਪ੍ਰਯੋਜਨ ਹਿਤ ਸੁਖਦੇਵ ਸਿੰਘ ਦਾ ਬਿਆਨ ਹੈ ਕਿ-

(ੳ) ਪਾਵੇ ਵੰਡੀਆਂ ਜੋ ਸਮਾਜ ਅੰਦਰ, ਢਾਹ 'ਸੁੱਖਿਆ' ਨਫ਼ਰਤ ਦੀ ਕੰਧ ਦਿਓ।

(ਅ) ਝੂਠ ਨਾਲ ਨਾ ਰੱਖੀਏ ਕਦੇ ਤਲਕ, ਖੁਸ਼ੀ ਨਾਲ ਸੱਚ ਨੂੰ ਪਾਈਏ ਜੱਫ਼ਾ।

(ੲ) ਲੋਟੂਆਂ ਦਾ ਵੱਧ ਰਿਹਾ ਘੇਰਾ, ਦੇਵੇਂਗਾ ਦਿਖਾਈ ਕਦੋਂ ਸੱਚ ਦਿਆ ਸੂਰਜਾ

(ਸ) ਗੰਦਗੀ, ਧੂੰਆਂ, ਗੈਸਾਂ, ਹਵਾ ਨੂੰ ਪ੍ਰਦੂਸ਼ਿਤ ਕਰਦੇ ਨੇ, ਅਨੇਕ ਭਿਆਨਕ ਰੋਗ, ਜੀਵਾਂ ਉਤੇ ਜੁੜਦੇ ਨੇ।

(ਹ) ਸਹਿਣੇ ਪੈਂਦੇ ਕਸ਼ਟ ਕਈ, ਭਾਂਤ ਭਾਂਤ ਦੀਆਂ ਮਰਜ਼ਾਂ ਦੇ। ਪਾੜੇ ਭਰਨੇ ਔਖੇ ਦਿਲਾਂ 'ਚ, ਪਾਈਆਂ ਦਰਜ਼ਾਂ ਦੇ

(ਕ) ਸੱਭਿਆਚਾਰ ਦੇ ਨਿਯਮਾਂ ਦੇ ਵਿੱਚ ਗੀਤ ਸੰਗੀਤ ਤਾਂ ਗਾਓ, ਚੈਨਲਾਂ 'ਤੇ ਪ੍ਰਦਰਸ਼ਨ 'ਚ ਅਸ਼ਲੀਲਤਾ ਦਾ ਰੰਗ ਨਾ ਮਿਲਾਓ।

ਇਹ ਕਵੀ ਵਕਤ ਦੇ ਸਮਾਜ ਦੀ ਤੋਰ ਅਤੇ ਮਨੁੱਖੀ ਜ਼ਿੰਦਗੀ ਦੀ ਤੋਰ ਨੂੰ ਵੀ ਗੰਭੀਰਤਾ ਦੀ ਹੱਦ ਤਕ ਸਮਝਦਾ ਹੈ ਅਤੇ ਕਾਵਿ-ਸਿਰਜਣ-ਮਨੋਰਥ ਤੋਂ ਵੀ ਹੈ। ਇਹ ਮਨੁੱਖੀ ਕਦਰ-ਪ੍ਰਣਾਲੀ 'ਚ ਆ ਚੁੱਕੀਆਂ ਨਿਘਾਰ-ਮੁਖੀ ਰੁੱਚੀਆਂ ਤੋਂ ਵੀ ਵਾਕਫ਼ ਹੈ ਅਤੇ ਉਸ ਮਨੁੱਖ ਲਈ ਨਵੇਂ ਸਵੇਰਿਆਂ ਨੂੰ ਸਿਰਜਣ ਦੀ ਉਸ਼ਾ ਦਾ ਬੋਧ ਵੀ ਰੱਖਦਾ ਹੈ। ਸੁਆਰਥ, ਲੋਭ-ਲਾਲਚ, ਵੱਢੀਖੋਰੀ, ਕਾਮੁਕ-ਤ੍ਰਿਸ਼ਨਾ, ਲੁੱਟ-ਖਸੁੱਟ ਆਦਿ ਨੂੰ ਕਰੜੇ ਸ਼ਬਦਾਂ ਦਾ ਜਾਮਾ ਪੁਆ ਕੇ ਕਾਵਿ-ਬੋਲਾਂ ਰਾਹੀਂ ਪ੍ਰਗਟ ਕਰਦਾ ਹੈ। ਕੁਝ ਇਕ ਕਾਵਿ-ਬੋਲ ਵੇਖੋ-

(ੳ) ਤ੍ਰਿਸ਼ਨਾ ਦੀ ਕਦੇ ਮੁੱਕਦੀ ਨਾ ਭੁੱਖ, ਤੱਕ ਕੇ ਪਰਾਏ ਸੁਖ, ਸੀਨੇ ਰਹੇ ਧੁੱਖ।



(ਅ) ਨਿੰਦਾ ਪਰਾਈ ਨਾ ਪਾਈ ਜਾ ਤੂੰ ਕੰਨੇ, ਜਾਤਾਂ ਮਜ਼ਹਬਾਂ 'ਚ ਕਿਉਂ ਦੁਨੀਆ ਤੂੰ ਬੰਨ੍ਹੇ।

(ੲ) ਭ੍ਰਿਸ਼ਟਾਚਾਰ ਅਲਾਮਤ ਜੜ੍ਹਾਂ 'ਚ ਸਮਾ ਰਹੀ ਏ, ਹੱਕ ਬੇਗਾਨੇ ਲੋਕਾਂ ਦਾ ਬਿਨ ਦੰਦਾਂ ਖਾ ਰਹੀ ਏ, ਕਾਬੂ, ਚੇਤੰਨ ਹੋ ਮੂੰਹ ਇਹਦਾ ਬੰਦ ਕਰਨਾ ਪੈਣਾ ਏ, ਰੱਤ ਪੀਣੀਆਂ ਜੋਕਾਂ ਦਾ ਕੁਝ ਹੀਲਾ ਕਰਨਾ ਪੈਣਾ ਏ।

(ਸ) ਓ ਦੁਨੀਆ ਭਰ ਦੇ ਲੋਕੋ, ਨਫ਼ਰਤ ਦੀ ਅੱਗ ਰੋਕੋ, ਨਾ ਕਰੋ ਤਕਰਾਰ ਮਜ਼ਹਬਾਂ ਤੇ ਦੀਨਾਂ ਦੇ, ਖੜ੍ਹੋ ਲੋਕ ਹਿੱਤਾਂ ਦੇ ਸੰਗ, ਨਾ ਖੇਲੋ ਖੇਲ ਸੰਗੀਨਾਂ ਦੇ

(ਹ) ਜੇਕਰ ਧੀਆਂ ਕੁੱਖਾਂ ਵਿਚ ਮਾਰ ਮੁਕਾਉਗੇ, ਪੁੱਤਰਾਂ ਲਈ ਕਿਥੋਂ ਵਿਆਹ ਕੇ ਬਹੂਆਂ ਲਿਆਉਗੇ।

ਕਵੀ ਸੁਖਦੇਵ ਸਿੰਘ ਜਾਗਰੂਕ ਕਵੀ ਹੈ। ਇਹ ਸਮਾਜ ਦੇ ਕੋਹੜ, ਕੋਹਜ ਅਤੇ ਇਸ ਵਿਚ ਵਿਆਪਕ ਦੁਸ਼ਾਵਾਰੀਆਂ ਨੂੰ ਤਹਿ ਦਿਲੋਂ ਭਾਂਪਦਾ ਹੈ, ਇਸ ਨੂੰ ਚਿੰਤਾ ਹੈ ਕਿ ਔਰਤ ਜਾਤੀ ਪ੍ਰਤੀ ਖ਼ਪਤਕਾਰੀ ਯੁੱਗ 'ਚ ਕਿਉਂ ਵਿਤਕਰਾ ਹੋ ਰਿਹਾ ਹੈ, ਇਕ ਪਾਸੇ ਤਾਂ ਲੋਕ ਨਵੀਨਤਮ ਸੂਚਨਾ ਤਕਨਾਲੋਜੀ ਅਤੇ ਅਤਿ ਵਿਕਸਿਤ ਵਿਗਿਆਨਕ ਯੁੱਗ 'ਚ ਜੀਵਨ ਬਸਰ ਕਰ ਰਹੇ ਹਨ ਪਰ ਦੂਜੇ ਪਾਸੇ, ਧੀ, ਭੈਣ, ਮਾਂ ਜਾਂ ਹੋਰ ਸਾਕਾਦਾਰੀ 'ਚ ਔਰਤ ਜਾਤੀ ਪ੍ਰਤੀ ਦੂਜੈਲੀ ਸੋਚ ਰੱਖ ਰਹੇ ਹਨ। ਇਸੇ ਭਾਵ-ਬੋਧ 'ਚੋਂ ਇਹ ਕਵੀ 'ਕੁੱਖ ਦੀ ਰੱਖਿਆ' ਜੇਹੇ ਉੱਤਮ ਵਿਚਾਰਾਂ ਨੂੰ ਵੀ ਆਪਣੀ ਕਾਵਿ-ਸ਼ਕਤੀ ਜ਼ਰੀਏ ਸੱਚੇ ਰੂਪ 'ਚ ਪ੍ਰਗਟ ਕਰਨੋ ਨਹੀਂ ਝਿਜਕਦਾ ਅਤੇ ਬੇਬਾਕ ਹੋ ਕੇ ਕਹਿ ਦੇਂਦਾ ਹੈ ਕਿ-

(ੳ) ਛੱਡ ਦਿਓ ਰੀਤ ਭੇਖੀ, ਲਾਲਚ ਤੇ ਭੁੱਖ ਦੀ ਪੁੱਤਾਂ ਵਾਂਗ ਸਾਂਭ ਕਰੋ ਧੀ ਅਤੇ ਰੁੱਖ ਦੀ।

(ਅ) ਪੁੱਤਾਂ ਦੇ ਬਰਾਬਰ ਧੀਆਂ ਹੁਣ ਖੜੀਆਂ। ਕਰਕੇ ਪੜ੍ਹਾਈ ਉੱਚੇ ਅਹੁਦਿਆਂ ਤੇ ਚੜ੍ਹੀਆਂ, ਨਾਰੀ ਦੀ ਸਿਫ਼ਤ ਪੜ੍ਹੋ ਬਾਣੀ ਦੀਆਂ ਤੁਕਾਂ ਦੀ, ਹੋਂਦ ਬਚਾਓ ਲੋਕੋ ਧੀਆਂ ਅਤੇ ਰੁੱਖਾਂ ਦੀ।

(ੲ) ਜਿਸ ਪਰਿਵਾਰ ਵਿੱਚ ਬਣਦਾ ਪੁੱਤਰ ਨਸ਼ੇੜੀ ਏ, ਉਸ ਪਰਿਵਾਰ ਦੀ ਡੁਬੋ ਦਿੰਦਾ ਬੇੜੀ ਏ, ਧੰਨ ਤੇ ਸਰੀਰ ਹੁੰਦਾ ਖ਼ਾਕ ਮਿੱਤਰੋ, ਦਿਨ ਨਾ ਉਹ ਜਾਣੋ ਉਹ ਤਾਂ ਰਾਤ ਮਿੱਤਰੋ।

ਏਥੇ ਹੀ ਬੱਸ ਨਹੀਂ, ਇਸ ਸੰਗ੍ਰਹਿ ਵਿਚ ਅੰਕਿਤ ਉਹ ਕਵਿਤਾਵਾਂ ਅਤੇ ਗੀਤ ਵੀ ਵਿਸ਼ੇਸ਼ ਗੌਲਣਯੋਗ ਹਨ, ਜਿਨ੍ਹਾਂ 'ਚ ਨਸ਼ਾਖੋਰੀ, ਮਜ਼ਦੂਰ ਦੀ ਜ਼ਿੰਦਗੀ, ਅਜੋਕੇ ਦੌਰ 'ਚ ਪ੍ਰਚਲਿਤ ਹੋ ਰਹੇ ਬੇਲੋੜੇ ਫੈਸ਼ਨਾਂ ਅਤੇ ਬਦਲ ਰਹੀਆਂ ਸੋਚਬਿਰਤੀਆਂ ਬਾਬਤ ਵੀ ਭਰਪੂਰ ਪੜਚੋਲਵੀ ਦ੍ਰਿਸ਼ਟੀ ਦਾ ਪ੍ਰਟਗਟਾਵਾ ਕੀਤਾ ਗਿਆ ਹੈ। ਇਕ-ਦੋ ਐਸੀਆਂ ਹੀ ਉਦਾਹਰਣਾਂ ਪੇਸ਼ ਹਨ-

(ੳ) ਫੈਸ਼ਨਾਂ ਨੇ ਛੱਡੀ ਨਾ ਕਸਰ ਬਾਕੀ ਏ, ਪੈਂਦਾ ਏ ਭੁਲੇਖਾ, ਕਾਕਾ ਜਾਂ ਕਾਕੀ ਏ।

(ਅ) ਨੂੰਹ ਨੇ ਜਾ ਪਾਰਲਰ 'ਚ ਪੈਰ ਰੱਖਿਆ, ਮੂਹਰੇ ਬੈਠੀ ਸੱਸ ਵੇਖ, ਨੂੰਹ ਨੇ ਨੱਕ ਵੱਟਿਆ।

ਨੌਜਵਾਨ ਵਰਗ ਨੂੰ ਉਸਦੀ ਪ੍ਰੇਰਣਾ ਹੈ ਕਿ (ੳ) ਜ਼ਿੰਦਗੀ ਜੇ ਸਫ਼ਲ ਬਨਾਉਣੀ ਆਂ

ਛੱਡ ਕੁਸੰਗਤ ਵਿਚ ਬਹਿਣਾ । ਸਿੱਖਿਆ ਦਾ ਗਹਿਣਾ ਪਾ 'ਸੁੱਖਿਆ' ਜ਼ਿੰਦਗੀ ਭਰ ਜੋ ਨਾਲ ਰਹਿਣਾ। (ਅ) ਉੱਚੀ ਸੋਚ ਵਾਲੇ ਮੰਜ਼ਿਲਾਂ ਨੇ ਤਹਿ ਕਰਦੇ, ਸੌੜੀ ਸੋਚ ਵਾਲੇ ਦੋਸ਼ ਦੂਜਿਆਂ ਤੇ ਜੜਦੇ।

ਹੱਥਲਾ ਕਾਵਿ-ਸੰਗ੍ਰਹਿ ਅਜੋਕੇ ਪ੍ਰਦੂਸ਼ਿਤ ਵਾਤਾਵਰਣ ਸੰਬੰਧੀ ਵੀ ਚਿੰਤਾਜਨਕ ਕਾਵਿਕ ਬਿੰਬ ਉਭਾਰਦਾ ਹੈ। ਹਵਾ, ਪਾਣੀ, ਆਬਾਦੀ 'ਚ ਜਿਸ ਤਰਜ਼ ਇੰਤਹਾ ਪ੍ਰਦੂਸ਼ਨ ਅਤੇ ਵਾਧਾ ਪੱਸਰ ਰਿਹਾ ਹੈ, ਉਸ ਪਸਾਰੇ ਤੋਂ ਵੀ ਇਸ ਕਵੀ ਨੇ ਲੋਕਾਂ ਨੂੰ ਜਾਣੂ ਕਰਵਾਇਆ ਹੈ ਅਤੇ ਸੇਧ ਵੀ ਦਿੱਤੀ ਹੈ । ਕਵੀ ਦਾ ਵਿਚਾਰ ਹੈ ਕਿ ਹਵਾ, ਪਾਣੀ ਤੇ ਧਰਤੀ ਕੁਦਰਤ ਦਾ ਖਜ਼ਾਨਾ ਹੈ, ਇਸ ਨੂੰ ਸਾਫ਼ ਰੱਖਣਾ ਮਨੁੱਖ ਦਾ ਫ਼ਰਜ਼ ਹੈ। ਇਹਨਾਂ ਸਭਨਾਂ ਗੁਣਾਂ ਤੋਂ ਉਪਰ ਦਾ ਗੁਣ ਇਸ ਕਾਵਿ-ਸੰਗ੍ਰਹਿ ਦੀ ਸਰਲ ਤੇ ਠੇਠ ਭਾਸ਼ਾ ਵਿੱਚ ਨਿਹਿਤ ਹੈ।

ਦੇਸ਼-ਭਗਤੀ ਸ਼ਿਰੋਮਣੀ ਜਜ਼ਬਾ ਹੈ, ਜੋ ਮਾਨਵਤਾ ਵਿੱਚ ਅਣਖ, ਗੈਰਤ ਅਤੇ ਸਵੈ-ਸੁਰੱਖਿਆ ਜਿਹੇ ਭਾਵਾਂ, ਉਦਾਗਾਰਾਂ ਅਤੇ ਚਿੰਤਾਵਾਂ ਨੂੰ ਜਨਮ ਦੇਂਦਾ ਹੈ। ਕਵੀ ਸੁਖਦੇਵ ਸਿੰਘ ਗੰਢਵਾਂ ਵਿੱਚ ਇਹ ਜਜ਼ਬਾ ਸਰਸਰੀ ਜਿਹੀ ਸ਼ੁਰੂਆਤ ਤੋਂ ਲੈ ਕੇ ਭਾਵੁਕ ਪੱਧਰ ਦੀ ਹੱਦ ਤੱਕ ਵਿਆਪਕ ਹੈ। ਇਸ ਜਜ਼ਬੇ ਦਾ ਇਜ਼ਹਾਰ ਇਸ ਕਵੀ ਨੇ ਸ਼ਹੀਦਾਂ, ਗੁਰੂ-ਪੀਰਾਂ, ਫ਼ਕੀਰਾਂ ਜਾਂ ਹੋਰ ਦੇਸ਼-ਭਗਤਾਂ ਸੰਬੰਧੀ ਸ਼ਰਧਾਮੂਲਕ ਕਵਿਤਾਵਾਂ ਰਾਹੀਂ ਪੇਸ਼ ਕੀਤਾ ਹੈ। ਉਦਾਹਰਣ ਵਜੋਂ: ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਸ਼ਹੀਦ ਭਗਤ ਸਿੰਘ ਆਦਿ ਸੰਬੰਧੀ ਕਵਿਤਾਵਾਂ ਵਿਚੋਂ ਇਹ ਭਾਵ ਸਹਿਜ ਰੂਪ 'ਚ ਉਦੈਮਾਨ ਹੁੰਦਾ ਹੈ, ਇਕ ਉਦਾਹਰਣ ਆਪ ਜੀ ਦੇ ਸਨਮੁਖ ਹੈ: ਗ਼ਦਰ ਪਾਰਟੀ ਦੀ ਅਗਵਾਈ ਕਿਣਕੇ ਨੂੰ ਤੂਫ਼ਾਨ ਬਣਾ ਗਈ, ਤਕਦੀਰ ਪਲਟਾਉਣ ਦੀ ਖਾਤਰ ਕੁਰਬਾਨੀ ਦੀ ਜਾਚ ਸਿਖਾ ਗਈ।,

ਦੂਸਰਿਆਂ ਦੇ ਸੁੱਖਾਂ ਖਾਤਰ ਕਤਰਾ ਕਤਰਾ ਖ਼ੂਨ ਵਹਾਇਆ, ਤਦ ਕਰਤਾਰ ਸਰਾਭੇ ਨੇ ਸੀ ਅਜ਼ਾਦੀ ਦਾ ਨਾਹਰਾ ਲਾਇਆ।

ਸਿੱਖ ਇਤਿਹਾਸ ਤੇ ਮਾਨਵਤਾ ਦੇ ਰੱਖਿਅਕ ਗੁਰੂ ਸਾਹਿਬਾਨ ਬਾਰੇ ਵੀ ਇਸ ਸੰਗ੍ਰਹਿ 'ਚ ਕਵਿਤਾਵਾਂ ਅੰਕਿਤ ਹਨ। ਧਰਮ ਹੇਤ ਕੁਰਬਾਨੀ ਆਦਿ ਕਵਿਤਾਵਾਂ ਇਸੇ ਕਥਨ ਦੀ ਪੁਸ਼ਟੀ ਵਜੋਂ ਪੜ੍ਹੀਆ ਜਾ ਸਕਦੀਆਂ ਹਨ।

ਕੁਲ ਮਿਲਾ ਕੇ, ਹੱਥਲਾ ਕਾਵਿ ਸੰਗ੍ਰਹਿ ਵਿਚਾਰਧਾਰਕ ਪੱਧਰ ਤੇ ਸਮਾਜ, ਕੌਮ, ਦੇਸ਼ ਹੀ ਨਹੀਂ ਸਮੁੱਚੀ ਮਾਨਵਤਾ ਦੇ ਹਿੱਤ ਵਿਚਲੀਆਂ ਕਦਰਾਂ-ਕੀਮਤਾਂ ਦੀ ਪੁਰਜ਼ੋਰ ਹਮਾਇਤ ਦੀ ਹਾਮੀ ਭਰਦਾ ਹੋਇਆ ਪ੍ਰਤੀਤ ਹੋ ਸਕਦਾ ਹੈ। ਇਹ ਮੇਰੀ ਆਸ ਹੈ ਅਤੇ ਕਵੀ ਸੁਖਦੇਵ ਸਿੰਘ ਗੰਢਵਾਂ ਨੂੰ ਅਗਾਂਹ ਹੋਰ ਮਿਆਰੀ ਸਿਰਜਣਾ ਕਰਨ ਦੀ ਤਾਕੀਦ ਹੈ। ਬਸੰਤ-ਸੁਹੇਲ ਪਬਲੀਕੇਸ਼ਨਜ਼, ਫਗਵਾੜਾ ਵਲੋਂ ਰੀਝ ਨਾਲ ਪ੍ਰਕਾਸ਼ਿਤ ਕੀਤੀ ਇਹ ਪੁਸਤਕ ਪਾਠਕਾਂ ਲਈ ਲਾਹੇਵੰਦ ਸਾਬਤ ਹੈ !ਸ਼ੁਭ ਕਾਮਨਾ ਸਹਿਤ-


**ਡਾ. ਜਗੀਰ ਸਿੰਘ ਨੂਰ,**

ਮੋ. 98142-09732

ਏ-9, ਗਰੀਨ ਪਾਰਕ, ਚਾਹਲ ਨਗਰ, ਜੀ.ਟੀ. ਰੋਡ, ਫਗਵਾੜਾ-144 401




## ਪਰਵਾਸ ਨਾ ਜੁੜੇ ਸਰੋਕਾਰਾਂ ਦਾ ਬਹੁਪਰਤੀ ਨਾਟਕੀ ਰੂਪਾਂਤਰਣ ਨਾਟਕ
## "ਆਰ ਕਿ ਪਾਰ"

**ਡਾ. ਸਰਦੂਲ ਸਿੰਘ ਔਜਲਾ**

ਸਤਵਿੰਦਰ ਬੇਗੋਵਾਲੀਆ ਪੰਜਾਬੀ ਨਾਟ ਖੇਤਰ ਦਾ ਇਕ ਮਹੱਤਵਪੂਰਨ ਹਸਤਾਖਰ ਹੈ ਜੋ ਪਿਛਲੇ ਲੰਮੇ ਅਰਸੇ ਤੋਂ ਪੂਰੀ ਨਿਰੰਤਰਤਾ ਅਤੇ ਪ੍ਰਤੀਬੱਧਤਾ ਨਾਲ ਪੰਜਾਬੀ ਨਾਟਕ ਸਿਰਜਣਾ ਨਾਲ ਜੁੜਿਆ ਹੋਇਆ ਹੈ। ਇਕਾਂਗੀ, ਨਾਟ-ਸੰਗ੍ਰਹਿ ਅਤੇ ਪੂਰੇ ਨਾਟਕ ਅਤੇ ਹੱਥਲੇ ਨਾਟਕ ਤੋਂ ਬਿਨਾਂ ਉਹ ਛੇ ਨਾਟ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਸਾਹਿਤਕਾਰ ਦਾ ਇਹ ਮੁੱਢਲਾ ਫਰਜ਼ ਹੁੰਦਾ ਹੈ ਕਿ ਉਹ ਅਜਿਹੇ ਮਸਲਿਆਂ ਨਾਲ ਜੁੜੇ, ਸਰੋਕਾਰਾਂ ਬਾਰੇ ਆਪਣੀਆਂ ਰਚਨਾਵਾਂ ਦੀ ਸਿਰਜਣਾ ਕਰੇ ਤਾਂ ਕਿ ਆਮ ਲੋਕ ਜਾਗਰੂਕ ਵੀ ਹੋ ਸਕਣ ਅਤੇ ਸਾਹਿਤਕ ਰਚਨਾ ਦਾ ਸੁਹਜ-ਸੁਆਦ ਵੀ ਮਾਣ ਸਕਣ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਕੋਈ ਰਚਨਾ ਭਾਵਹੀਣ ਹੋ ਕੇ ਛੇਤੀ ਹੀ ਵੇਲਾ ਵਿਹਾ ਜਾਂਦੀ ਹੈ। ਸਤਵਿੰਦਰ ਬੇਗੋਵਾਲੀਆ ਦੀ ਨਾਟ-ਸਿਰਜਣਾ ਦੀ ਇਹ ਖਾਸੀਅਤ ਹੈ ਕਿ ਉਹ ਹਮੇਸ਼ਾ ਲੋਕ-ਮਸਲਿਆਂ ਦੀ ਚਰਚਾ ਆਪਣੀਆਂ ਸਿਰਜਣਾਤਮਕ ਰਚਨਾਵਾਂ ਵਿੱਚ ਕਰਦਾ ਹੈ। ਵਿਸ਼ੇਸ਼ ਕਰਕੇ ਨਾਟਕ ਵਰਗੀ ਤ੍ਰੈ ਪੱਖੀ ਸਾਹਿਤਕ ਵੰਨਗੀ ਵਿੱਚ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਮਸਲੇ ਜਦੋਂ ਪੇਸ਼ ਹੁੰਦੇ ਹਨ ਤਾਂ ਇਹਨਾਂ ਪ੍ਰਭਾਵ ਵੀ ਦੁਗਣਾ ਹੋ ਨਿਬੜਦਾ ਹੈ।

ਸਤਵਿੰਦਰ ਬੇਗੋਵਾਲੀਆ ਦਾ ਨਾਟਕ 'ਆਰ ਕਿ ਪਾਰ' ਪਰਵਾਸ ਤੇ ਵਿਸ਼ੇਸ਼ ਕਰਕੇ ਪੰਜਾਬੀ ਪਰਵਾਸ ਨਾਲ ਜੁੜੇ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਵਾਲਾ ਵਿਸ਼ੇਸ਼ ਨਾਟਕ ਹੈ। ਭਾਵੇਂ ਕਿ ਪੰਜਾਬੀਆਂ ਦਾ ਪਰਵਾਸ ਹੁਣ ਕਾਫ਼ੀ ਪੁਰਾਣੀ ਹੋ ਚੁੱਕਾ ਹੈ। ਜਿਹੜਾ ਆਜ਼ਾਦੀ ਤੋਂ ਪਹਿਲਾਂ ਵੀ ਸੀ ਤੇ ਆਜ਼ਾਦੀ ਤੋਂ ਬਾਅਦ ਵੀ ਪਰ ਅਸੀਂ ਜੇਕਰ ਆਜ਼ਾਦੀ ਤੋਂ ਬਾਅਦ ਦੀ ਗੱਲ ਕਰੀਏ ਤਾਂ 1960-65 ਦੇ ਲਾਗੇ-ਚਾਗੇ ਜਦੋਂ ਅੰਗਰੇਜ਼ਾਂ ਦੁਆਰਾ ਸਸਤੀ ਲੇਬਰ ਦੇ ਰੂਪ ਵਿੱਚ ਅਤੇ ਉਸ ਤੋਂ ਬਾਅਦ ਵਿਚ ਵਾਊਚਰ ਸਿਸਟਮ ਦੇ ਅਧੀਨ ਜਦੋਂ ਪੜ੍ਹੇ ਲਿਖੇ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਵੱਸਣ ਲੱਗੇ ਤਾਂ ਇਹ ਪਰਵਾਸ ਦੇ ਵਰਤਾਰੇ ਵਿੱਚ ਬਹੁਤ ਤੇਜ਼ੀ ਆਈ। ਭਾਵੇਂ ਕਿ ਹਰੇਕ ਵਿਅਕਤੀ ਦੀ ਇੱਛਾ ਹੁੰਦੀ ਹੈ ਕਿ ਉਹ ਘੱਟ ਕਮਾ ਕੇ ਆਪਣੇ ਵਤਨ ਆਪਣੇ ਘਰ ਪਰਤ ਆਵੇਗਾ ਪਰ ਵਿਦੇਸ਼ਾਂ ਦੀਆਂ ਸੁੱਖ ਸਹੂਲਤਾਂ ਅਤੇ ਆਰਥਿਕ ਸੰਪੰਨਤਾ ਨੇ ਇਹਨਾਂ ਪੰਜਾਬੀਆਂ ਨੂੰ ਵਿਦੇਸ਼ੀ ਧਰਤੀ ਦੇ ਪੱਕੇ ਵਸਨੀਕ ਬਣਾ ਦਿੱਤਾ। ਇਹ ਪਰਵਾਸ ਭਾਵੇਂ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰਿਹਾ ਪਰ ਹੁਣ ਪਰਵਾਰ ਦੇ ਇਸ ਵਰਤਾਰੇ ਵਿੱਚ ਬਹੁਤ ਤੇਜ਼ੀ ਆਈ ਹੈ ਜਿਸਦੇ ਬਹੁਤ ਸਾਰੇ ਕਾਰਨਾਂ ਦੀ ਤਲਾਸ਼ ਇਸ ਨਾਟਕ ਵਿੱਚ ਵੀ ਹੋਈ ਹੈ। ਇਹ ਨਾਟਕ 'ਆਰ ਕਿ ਪਾਰ' ਵਿੱਚ ਭਾਵੇਂ ਪਰਵਾਸ ਨਾਲ ਜੁੜੇ ਹੋਰ ਮਸਲੇ ਵੀ ਸ਼ਾਮਿਲ ਹਨ ਪਰ ਇਸ ਨਾਟਕ ਵਿੱਚੋ ਜਿਹੜਾ ਮੁੱਖ ਵਿਸ਼ਾਗਤ ਪਹਿਲੂ ਸਾਹਮਣੇ ਆਉਂਦਾ ਹੈ ਉਹ ਹੈ ਮਨੁੱਖ ਦੀ ਲਾਲਸੀ ਬਿਰਤੀ ਜਿਹੜੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਮਾਇਆ ਹਥਿਆ ਕੇ ਅਮੀਰ ਬਣਨ ਨਾਲ ਜੁੜੀ ਹੋਈ ਹੈ। ਇਸ ਨਾਟਕ ਵਿਚਲੀ ਪਾਤਰ ਕਮਲੇਸ਼ ਅਜਿਹੇ ਹੀ ਸੁਭਾਅ ਦੀ ਮਾਲਕ ਹੈ ਜੋ ਪੈਸੇ ਦੀ ਖਾਤਰ ਕਿਸੇ ਵੀ ਹੱਦ ਤੱਕ

ਜਾ ਸਕਦੀ ਹੈ। ਇਥੋਂ ਤੱਕ ਕਿ ਉਸ ਦਾ ਆਪਣਾ ਪੁੱਤਰ ਮਿਹਰ ਜਿਹੜਾ ਪੜ੍ਹਣ ਵਿੱਚ ਬਹੁਤ ਹੁਸ਼ਿਆਰ ਹੈ ਅਤੇ ਪੜ੍ਹ ਲਿਖਕੇ ਏਥੇ ਹੀ ਨੌਕਰੀ ਪ੍ਰਾਪਤ ਕਰਨਾ ਚਾਹੁੰਦਾ ਹੈ ਪਰ ਕਮਲੇਸ਼ ਦੀ ਅਮੀਰ ਹੋਣ ਦੀ ਇੱਛਾ ਉਸਨੂੰ ਪਰਵਾਸ ਦੇ ਹਨ੍ਹੇਰੇ ਵਿੱਚ ਝੋਕ ਦਿੰਦੀ ਹੈ ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਆਪਣੇ ਭਰਾ ਦੀ ਮਦਦ ਲੈ ਕੇ ਆਪਣੇ ਪੁੱਤਰ ਨੂੰ ਵਿਦੇਸ਼ ਵੱਲ ਤੋਰ ਦਿੰਦੀ ਹੈ ਤਾਂ ਕਿ ਰਾਤੋ-ਰਾਤ ਉਹ ਅਮੀਰ ਹੋ ਸਕੇ। ਭਾਵੇਂ ਕਿ ਮਿਹਰ ਦੀ ਲਿਆਕਤ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੀ ਗਵਾਹੀ ਉਸ ਦਾ ਸਕੂਲ ਮਾਸਟਰ ਸਾਗਰ ਵੀ ਭਰਦਾ ਹੈ ਪਰ ਕਮਲੇਸ਼ ਦੇ ਲਾਲਚ ਅੱਗੇ ਕਿਸੇ ਦੀ ਨਹੀਂ ਚਲਦੀ ਇਥੋਂ ਤੱਕ ਕਿ ਉਸਦਾ ਪਤੀ ਸੁਰਜੀਤ ਵੀ ਬੇਵੱਸੀ ਵਿੱਚ ਆਪਣੇ ਪੁੱਤਰ ਨੂੰ ਵਿਦੇਸ਼ ਤੋਰਨ ਲਈ ਮਜ਼ਬੂਰ ਹੋ ਜਾਂਦਾ ਹੈ। ਜਦੋਂ ਸੁਰਜੀਤ ਸਿੰਘ ਮਿਹਰ ਦੀ ਪੜ੍ਹਾਈ ਦੀ ਪੜ੍ਹਾਈ ਬਾਰੇ ਉਸਦੇ ਅਧਿਆਪਕ ਸਾਗਰ ਨੂੰ ਪੁੱਛਦਾ ਹੈ ਤਾਂ ਉਹ ਕਹਿੰਦਾ ਹੈ।

"ਵੈਰੀ ਫਾਈਨ, ਬਹੁਤ ਚੰਗਾ। ਟਾਪ ਫਾਈਵ ਵਿੱਚ ਭਾਵ ਉਪਰਲੇ ਪੰਜ ਲਾਈਕ ਵਿਦਿਆਰਥੀਆਂ ਵਿੱਚ ਮਿਹਰ ਸਿੰਘ ਦਾ ਨਾਂ ਵੀ ਸਿਤਾਰੇ ਵਾਂਗ ਚਮਕਦਾ ਏ। ਮੈਨੂੰ ਪੂਰੀ ਆਸ ਹੈ ਕਿ ਸਕੂਲ ਤੋਂ ਬਾਅਦ ਕਾਲਜ ਦੀ ਐਜੂਕੇਸ਼ਨ ਪ੍ਰਾਪਤ ਕਰਕੇ, ਮਾਂ ਪਿਓ ਦਾ ਨਾਂ ਰੌਸ਼ਨ ਕਰੇਗਾ। ਆਈ ਐਮ ਪਰਾਊਡ ਆਫ਼ ਹਿਮ। ਉਸ 'ਤੇ ਮੈਨੂੰ ਮਾਣ ਏ।"

ਪਰ ਕਮਲੇਸ਼ ਦੀ ਲਾਲਚੀ ਬਿਰਤੀ ਦੇਖਣਯੋਗ ਹੈ ਜੋ ਮਾਸਟਰ ਸਾਗਰ ਦੀ ਇਸ ਲੜਕੇ ਮਿਹਰ ਦੀ ਕੀਤੀ ਪ੍ਰਸ਼ੰਸਾ ਬਾਰੇ ਕਹਿੰਦੀ ਹੈ-

ਮਾਸਟਰ ਜੀ ਕੋਈ ਚੰਗੀ ਗੱਲ ਨਾ ਕਰਿਓ। ਮੇਰੀ ਸ਼ੂਗਰ ਉਪਰ ਚਲੀ ਗਈ ਤੁਹਾਡੀਆਂ ਖੁਸ਼ਕ ਗੱਲਾਂ ਸੁਣਕੇ।"

ਇਸ ਸਾਰੇ ਮੱਕੜ ਜਾਲ ਵਿੱਚ ਕਮਲੇਸ਼ ਦਾ ਸਾਥ ਉਸ ਦਾ ਭਰਾ ਪ੍ਰਕਾਸ਼ ਬਰਾਬਰ ਦਿੰਦਾ ਹੈ ਜੋ ਕਿ ਆਪਣੇ ਪੈਸੇ ਕਮਾਉਣ ਲਈ ਸੰਧੂ ਨਾਮ ਦੇ ਏਜੰਟ ਰਾਹੀਂ ਆਪਣੇ ਭਾਣਜੇ ਅਤੇ ਹੋਰ ਨੌਜਵਾਨਾਂ ਨੂੰ ਵੀ ਅਸਿੱਧੇ ਢੰਗ ਨਾਲ ਵਿਦੇਸ਼ ਭੇਜਦਾ ਹੈ। ਕਮਲੇਸ਼ ਦੀ ਲਾਲਚੀ ਬਿਰਤੀ ਦੀ ਇੱਕ ਉਦਾਹਰਣ ਇਸ ਨਾਟਕ ਵਿੱਚ ਸਿਧਰ ਹੋ ਨਿੱਬੜਦੀ ਹੈ। ਉਸਦੀ ਨੂੰਹ ਮੇਜਰ ਦੀ ਪਤਨੀ ਜਦੋਂ ਘਰ ਛੱਡਕੇ ਚਲੀ ਜਾਂਦੀ ਹੈ ਤਾਂ ਉਸ ਵੇਲੇ ਵੀ ਉਸਨੂੰ ਆਪਣੇ ਪੁੱਤਰ ਮੇਜਰ ਦਾ ਘਰ ਛੱਡਣ ਅਤੇ ਉਜੜਣ ਦਾ ਏਨਾ ਫ਼ਿਕਰ ਨਹੀ ਜਿੰਨਾ ਕਿ ਘਰ ਵਿਚਲੇ ਸੋਨੇ ਦੇ ਗਹਿਣਿਆਂ ਦੇ ਜਾਣ ਦਾ ਹੈ। ਉਸ ਦੀ ਲਾਲਚੀ ਬਿਰਤੀ ਕਰਕੇ ਹੀ ਉਸ ਦਾ ਦੂਜਾ ਪੁੱਤਰ ਮੇਜਰ ਸਿੰਘ ਵੀ ਪਰਵਾਸ ਭੋਗਦਾ ਹੈ ਅਤੇ ਬਾਅਦ ਵਿੱਚ ਆਪਣੇ ਦੇਸ਼ ਪਰਤਕੇ ਆਪਣੀ ਜਾਨ ਤੋਂ ਹੱਥ ਧੋ ਬੈਠਦਾ ਹੈ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਪਰਵਾਸੀ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ ਵਿਤੋਂ ਵੱਧ ਕੰਮ ਕਰਦੇ ਹਨ ਤਾਂ ਕਿ ਵੱਧ ਪੈਸੇ ਕਮਾ ਸਕਣ ਪਰ ਆਪਣੀ ਸਿਹਤ ਗੁਆ ਬੈਠਦੇ ਹਨ ਇਹੀ ਵਰਤਾਰਾ ਕਮਲੇਸ਼ ਦੇ ਪੁੱਤਰ ਮੇਜਰ ਸਿੰਘ ਦੇ ਪ੍ਰਸੰਗ ਵਿੱਚ ਵਾਪਰਦਾ ਹੈ। ਮੇਜਰ ਦੇ ਆਪਣੇ ਸ਼ਬਦਾਂ ਵਿੱਚ ਜੋ ਪੂਰੀ ਸਥਿਤੀ ਸਪੱਸ਼ਟ ਕਰ ਜਾਂਦੀ ਹੈ।

ਸਾਰੀ ਪਰਾਬਲਮ ਹੀ ਜਰਮਨ ਦੀ ਏ। ਦਿਨ ਰਾਤ ਕੰਮ ਹੀ ਕੰਮ ਮੰਮੀ ਕਹਿੰਦੀ, ਲੱਖ ਤੋਂ ਘੱਟ ਨਾ ਭੇਜੀ ਹਰ ਮਹੀਨੇ। ਕੀ ਕਰਨਾ ਏ ਚਾਰ ਚਾਰ ਘੰਟੇ ਓਵਰ ਟਾਈਮ ਲਾਓ। ਘਰ



ਦੀ ਰੋਟੀ ਨਾ ਖਾਓ, ਫਾਸਟਫੂਡ ਜਾਂ ਰੈਸਟੋਰੈਂਟ ਦੀ ਰੋਟੀ ਬਿਮਾਰੀ ਦਾ ਘਰ.... ਚਾਰ ਘੰਟੇ ਸੌਣਾ, ਅਲਾਰਮ ਖੜਕਣਾ ਤੇ ਦੌੜ ਪੈਣਾ। ਕੋਈ ਹੈ ਲਾਈਫ਼।"

ਇਸਦੇ ਨਾਲ ਹੀ ਪਰਵਾਸ ਨਾਲ ਜੁੜਿਆ ਦੂਜਾ ਮਸਲਾ ਦੇਸ਼ ਵਿਚਲੀ ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰੀ ਹੈ ਜੋ ਨੌਜਵਾਨਾਂ ਨੂੰ ਵਿਦੇਸ਼ ਵਿੱਚ ਧੱਕੇ ਖਾਣ ਲਈ ਮਜ਼ਬੂਰ ਕਰ ਰਹੀ ਹੈ। ਪੜ੍ਹ ਲਿਖਕੇ ਨੌਕਰ ਨਾ ਮਿਲਣਾ ਵੀ ਨੌਜਵਾਨਾਂ ਦੇ ਮੋਹ ਨੂੰ ਪੜ੍ਹਾਈ ਤੋਂ ਭੰਗ ਕਰਕੇ ਵਿਦੇਸ਼ਾਂ ਦੇ ਬਿਖੜੇ ਪੈਂਡਿਆਂ ਵੱਲ ਤੋਰ ਦਿੰਦਾ ਹੈ, ਜਿੱਥੇ ਉਹ ਮਸ਼ੀਨ ਬਣਕੇ ਰਹਿ ਜਾਂਦੇ ਹਨ। ਜੇਕਰ ਦੇਸ਼ ਵਿੱਚ ਬੇਰੁਜ਼ਗਾਰੀ ਨਾ ਹੋਵੇ ਤਾਂ ਸ਼ਾਇਦ ਕੋਈ ਵੀ ਨੌਜਵਾਨ ਵਿਦੇਸ਼ ਨਾ ਜਾਵੇ ਸੰਧੂ ਨਾਮ ਦਾ ਏਜੰਟ ਭਾਵੇਂ ਇਸ ਨਾਟਕ ਵਿੱਚ ਨਾਂਹ-ਵਾਚੀ ਭੂਮਿਕਾ ਨਿਭਾਉਂਦਾ ਹੈ ਪਰ ਉਸ ਦੇ ਵਾਰਤਾਲਾਪ ਇਥੇ ਸਾਰਥਕ ਜਾਪਦੇ ਹਨ ਜਿਵੇਂ ਉਹ ਮਿਹਰ ਨਾਲ ਗੱਲਬਾਤ ਕਰਦਾ ਆਖਦਾ ਹੈ-

ਮੁੱਖ ਮੰਤਰੀ ਦੇ ਹਲਕੇ ਦਾ ਏ ਬਲਾਕ ਪ੍ਰਧਾਨ ਜਗਤ ਸਿੰਘ, ਭਲਾ ਲੋਕ ਏ। ਲੋਕ ਕਦਰ ਕਰਦੇ ਨੇ। ਪਾਰਟੀ ਦਾ ਵਫ਼ਾਦਾਰ ਬੰਦਾ ਨਾ ਦਿਨ ਵਿੰਹਦੈ ਨਾ ਰਾਤ। ਚੌਵੀ ਘੰਟੇ ਪਾਰਟੀ ਦੇ ਹਰ ਪ੍ਰੋਗਰਾਮ ਲਈ ਤਿਆਰ ਬਰ ਤਿਆਰ। ਜਗਤ ਸਿੰਘ ਜੱਗਾ ਦੇ ਪੋਤੇ ਨੇ ਪੜ੍ਹਾਈ 'ਚ ਮੱਲਾਂ ਮਾਰੀਆਂ, ਐਮ.ਐਸ.ਸੀ, ਬੀ.ਐਡ ਦੀਆਂ ਡਿਗਰੀਆਂ ਫਸਟ ਡਵੀਜ਼ਨ ਵਿੱਚ। ਇੰਟਰਵਿਊ ਹੋਈ, ਕਿਸੇ ਨੇ ਪੁੱਛਿਆ ਨਹੀਂ ਨੰਬਰਾਂ ਨੂੰ। ਆਖਰ ਥੱਕ ਹਾਰ ਕੇ ਮੁੱਖ ਮੰਤਰੀ ਕੋਲ ਜਾ ਫਰਿਆਦ ਕੀਤੀ ਉਹਦੇ ਘਰ ਪੋਤੇ ਨੂੰ ਨਾਲ ਲੈ ਕੇ ਗਿਐ।

ਮਿਹਰ ਪੁੱਛਦਾ ਹੈ - ਫਿਰ ਮਿਲ ਗਈ ਨੌਕਰੀ ਉਹਨੂੰ?

ਤਾਂ ਸੰਧੂ ਕਹਿੰਦਾ ਹੈ - ਨੌਕਰੀ ਕਿੱਥੇ? ਹਾਰ ਹੰਭ ਕੇ ਮੇਰੇ ਕੋਲ ਆਏ। ਆਪਾਂ ਭੇਜਿਆ ਸਿੱਧਾ ਈ ਅਮਰੀਕਾ। ਉਹ ਨੌਜਵਾਨ ਬਿਸਤਰੇ ਉਪਰ ਡਾਲਰ ਵਿਛਾ ਕੇ ਸੌਂਦਾ ਏ।

ਇਹੀ ਦੁਖਾਂਤ ਹੈ ਸਾਡੀ ਨੌਜਵਾਨੀ ਦਾ ਜੋ ਪੜ੍ਹ ਲਿਖਕੇ ਵੀ ਬੇਰੁਜ਼ਗਾਰੀ ਦੇ ਆਲਮ ਵਿੱਚ ਭਟਕਦੀ ਹੈ ਅਤੇ ਫਿਰ ਰੁਪਈਆਂ ਦੀ ਪੰਡ ਕਰਜ਼ਾ ਲੈ ਕੇ ਸੰਧੂ ਵਰਗੇ ਏਜੰਟਾਂ ਦੇ ਧੱਕੇ ਚੜ੍ਹਕੇ ਵਿਦੇਸ਼ਾਂ ਨੂੰ ਉਡਾਰੀ ਮਾਰ ਜਾਂਦੇ ਹਨ ਪਰ ਉਥੇ ਪਹੁੰਚ ਕੇ ਵੀ ਪਰਵਾਸ ਦੀਆਂ ਜਿਹੜੀਆਂ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਉਹਨਾਂ ਨੂੰ ਕਰਨਾ ਪੈਂਦਾ ਹੈ ਉਹ ਮਿਹਰ ਸਿੰਘ ਅਤੇ ਮੇਜਰ ਸਿੰਘ ਦੇ ਪ੍ਰਸੰਗ ਵਿੱਚ ਵੇਖੀਆਂ ਜਾ ਸਕਦੀਆਂ ਹਨ। ਮੇਜਰ ਦੀ ਤਾਂ ਦੇਸ਼ ਪਹੁੰਚਕੇ ਮੌਤ ਹੋ ਜਾਂਦੀ ਹੈ ਪਰ ਮਿਹਰ ਅਮਰੀਕਾ ਰਹਿੰਦਿਆਂ ਹੋਇਆਂ ਆਪਣੇ ਬੇਟਿਆਂ ਨੂੰ ਪੈਰਾਂ 'ਤੇ ਖੜ੍ਹੇ ਕਰਨ ਦੀ ਤੋਹੜ ਵਿੱਚ ਦੇਸ਼ ਨਹੀਂ ਪਰਤ ਸਕਦਾ। ਜਦਕਿ ਉਸ ਦਾ ਛੋਟਾ ਭਰਾ ਅਤੇ ਪਿਤਾ ਦੋਵੇਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਜਾਂਦੇ ਹਨ ਪਰ ਉਹ ਮਜਬੂਰੀ ਵੱਸ ਪਰਤ ਨਹੀਂ ਸਕਦਾ ਇਥੇ ਵੀ ਸਾਰਾ ਭਾਂਡਾ ਕਮਲੇਸ਼ ਦੇ ਸਿਰ ਹੀ ਭੱਜਦਾ ਹੈ ਜਿਵੇਂ ਮੇਜਰ ਆਪਣੀ ਮਾਂ ਦੀ ਲਾਲਚੀ ਬਿਰਤੀ ਅਤੇ ਪਰਵਾਸ ਨੂੰ ਬਰਾਬਰ ਬਿਆਨ ਕਰਦਾ ਹੈ।

"ਮੇਜਰ ਦਾ ਵਿਆਹ ਆਇਆ ਕਹਿੰਦੀ ਸੀ ਤੂੰ ਨਹੀਂ ਆਉਣਾ। ਡੈਡੀ ਚਲੇ ਗਏ ਕਹਿੰਦੀ ਸੀ ਤੂੰ ਨਾ ਆਵੀਂ। ਮੇਜਰ ਮੇਰਾ ਛੋਟਾ ਭਰਾ ਵਿੱਛੜ ਗਿਆ। ਕਹਿੰਦੀ ਸੀ ਤੂੰ ਨਾ ਆਵੀਂ। ਜੱਸ ਤੁਹਾਡਾ ਖਿਆਲ ਰੱਖੇਗਾ। ਭੇਜ ਦਿਆਂ ਚਾਰ ਪੰਜ ਲੱਖ ਤੁਹਾਡੇ ਅਕਾਊਂਟ 'ਚ?"

ਇਹ ਇੱਕ ਪਰਵਾਸੀ ਦੀ ਹਿਰਦੇਵੇਧਕ ਵੇਦਨਾ ਹੈ ਜੋ ਸੰਤਾਪ ਉਹ ਭੋਗਦਾ ਹੈ।

ਨਾਟਕ ਵਿੱਚ ਪਰਵਾਸ ਦੀ ਇਕ ਪਰਤ ਪਾਖੰਡੀ ਸਾਧ ਫ਼ਕੀਰਾ ਦੇ ਰੂਪ ਵਿੱਚ ਉਜਾਗਰ ਹੁੰਦੀ ਹੈ ਕਿਉਂਕਿ ਪਾਖੰਡੀ ਲੋਕ ਧਾਰਮਿਕ ਭੇਸ ਵਿੱਚ ਲੋਕਾਂ ਦੀਆਂ ਭਾਵਨਾਵਾਂ ਨਾਲ ਕਿਵੇਂ ਖਿਲਵਾੜ ਕਰਦੇ ਉਸਦਾ ਵਿਸਤ੍ਰਿਤ ਬਿਓਰਾ ਇਸ ਨਾਟਕ ਵਿੱਚ ਪੇਸ਼ ਹੋਇਆ ਹੈ। ਕਮਲੇਸ਼ ਵਰਗੇ ਅਨਪੜ੍ਹ ਲੋਕ ਪਰਵਾਸ ਨੂੰ ਵੀ ਬਾਬਿਆਂ ਦੇ ਆਸ਼ੀਰਵਾਦ ਨਾਲ ਜੋੜਕੇ ਲੁੱਟ ਦਾ ਸ਼ਿਕਾਰ ਹੋ ਰਹੇ ਹਨ ਜਦਕਿ ਇਹੋ ਜਿਹੇ ਬਾਬੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਕੇ ਉਹਨਾਂ ਦਾ ਆਰਥਿਕ ਸ਼ੋਸ਼ਣ ਵੀ ਕਰਦੇ ਹਨ। ਫਕੀਰਾ ਨਾਮ ਦੇ ਬਾਬੇ ਦਾ ਪਾਜ ਸੁਰਜੀਤ ਦੇ ਵਾਰਤਾਲਾਪ ਉਘਾੜਦੇ ਹਨ। ਉਹ ਆਪਣੀ ਪਤਨੀ ਨੂੰ ਬਾਬੇ ਬਾਰੇ ਕਹਿੰਦਾ ਹੈ।

"ਤੇਰਾ ਬਾਬਾ ਮੇਰੀ ਜਮਾਤੀ ਸੀ। ਛੇਵੀਂ ਤੋਂ ਅਗਾਂਹ ਨਹੀਂ ਟੱਪਿਆ, ਹਰ ਪੀਰੀਅਡ ਵਿੱਚ ਮਾਸਟਰ ਉਹਨੂੰ ਖੜ੍ਹਾ ਕਰਕੇ ਡੰਡਾ ਪਰੇਡ ਕਰਦੇ ਸੀ। ਮੈਨੂੰ ਕਹਿੰਦੇ ਸੀ ਮਾਰ ਨਲੈਕ ਦੇ ਚਪੇੜਾਂ। ਮੇਰੇ ਤਰਲੇ ਕਰਦਾ ਹੁੰਦਾ ਸੀ-ਯਾਰ, ਚਪੇੜ ਜ਼ਰਾ ਹੌਲੀ ਮਾਰੀਂ।"

ਕਿਉਂਕਿ ਪਰਵਾਸ ਦਾ ਮਸਲਾ ਆਰਥਿਕਤਾ ਨਾਲ ਜੁੜਿਆ ਹੋਇਆ ਮਸਲਾ ਹੈ, ਪਰਵਾਸੀ ਪੌਂਡਾਂ, ਡਾਲਰਾਂ ਦੀ ਆਮਦ ਤੇ ਪੰਜਾਬ ਵਿੱਚ ਵੱਡੇ ਮਕਾਨਾਂ ਦੀ ਲਿਸ਼ਕ-ਪੁਸ਼ਕ ਵੀ ਪੰਜਾਬੀ ਬੰਦੇ ਨੂੰ ਪਰਵਾਸ ਲਈ ਮਜ਼ਬੂਰ ਕਰ ਦਿੰਦੀ ਹੈ ਕਿਉਂਕਿ ਨੌਕਰੀ ਹੋਣ ਦੇ ਬਾਵਜੂਦ ਵੀ ਇਥੇ ਰਹਿ ਕੇ ਕੋਈ ਵਿਅਕਤੀ ਉਹ ਸੁੱਖ-ਸਹੂਲਤਾਂ ਭੋਗ ਨਹੀਂ ਸਕਦਾ ਜਿਹੜਾ ਕਿ ਇਕ ਪਰਵਾਸੀ ਜ਼ਿੰਦਗੀ ਭੋਗਕੇ ਆਰਥਿਕਤਾ ਮਜ਼ਬੂਤ ਕਰਕੇ ਭੋਗੀਆਂ ਜਾਂਦੀਆਂ ਹਨ। ਇਥੋਂ ਨਾਟਕ ਵਿੱਚ ਪੰਨਾ 70 ਤੇ ਪੇਸ਼ ਵੇਰਵੇ ਜਿਸਦੀ ਕੋਠੀ ਦਾਣੇ ਉਸਦੇ ਕਮਲੇ ਵੀ ਸਿਆਣੇ ਅਤੇ ਦੇਸੀ ਅਤੇ ਵਿਦੇਸ਼ੀ ਆਰਥਿਕ ਸਥਿਤੀ ਦਾ ਟਾਕਰਾ ਮਾਸਟਰ ਅਤੇ ਪ੍ਰਕਾਸ਼ ਦੇ ਵਾਰਤਾਲਾਪਾਂ ਵਿੱਚ ਪੇਸ਼ ਹੋਇਆ ਹੈ। ਜਿਵੇਂ ਪ੍ਰਕਾਸ਼ ਦੇ ਵਾਰਤਾਲਾਪ ਹਨ -

- ਗੱਲ ਸਾਰੀ ਪੈਸੇ ਦੀ ਏ, ਪੈਸੇ ਬਿਨਾਂ ਅੱਜਕਲ ਬੰਦੇ ਦੀ ਵੈਲਿਊ ਕੀ ਏ?
- ਜ਼ਿਆਦਾ ਪੜ੍ਹਾਈ ਵੀ ਬੰਦੇ ਨੂੰ ਪਾਗਲ ਕਰ ਦਿੰਦੀ ਏ।
- ਤੁਸੀਂ ਦੱਸੋ ਤੁਹਾਡੀ ਕੋਠੀ ਦੇ ਕਿੰਨੇ ਕਮਰੇ ਨੇ, ਕਿਹੜਾ ਸਮਾਨ ਲੱਗੈ ਕੋਠੀ ਵਿੱਚ
- ਕਿੰਨੇ ਲੱਖ ਨੇ ਤੁਹਾਡੇ ਖਾਤੇ ਵਿੱਚ?

ਇਸਦੇ ਸਮਾਨੰਤਰ ਮਾਸਟਰ ਸਾਗਰ ਦੇ ਵਾਰਤਾਲਾਪ ਹਨ

- ਮੈਂ ਉਹਨਾਂ ਨੂੰ ਪੁਸਤਕ ਕਲਚਰ ਨਾਲ ਜੋੜਿਐ ਬਾਬੇ ਨਾਨਕ ਨੇ ਕਿਹੈ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ।
- ਮੇਰੇ ਬੱਚੇ ਹੀ ਮੇਰੇ ਬੈਂਕ ਨੇ। ਮੇਰਾ ਸਰਮਾਇਆ ਨੇ ਆਪਣੀ ਤਨਖਾਹ ਨਾਲ ਉਹਨਾਂ ਨੂੰ ਵਿੱਦਿਆ ਦਿਵਾ ਰਿਹਾਂ। ਕੋਚਿੰਗ ਵੀ ਦੁਆਵਾਂਗਾ ਚੰਗੇ ਕੋਚਿੰਗ ਸੈਂਟਰਾਂ ਵਿੱਚ। ਮੈਨੂੰ ਲੱਖਾਂ ਦੀ ਲੋੜ ਨਹੀਂ।

ਭਾਵੇਂ ਮਾਸਟਰ ਸਾਗਰ ਦਾ ਦ੍ਰਿਸ਼ਟੀਕੋਣ ਜ਼ਿੰਦਗੀ ਪ੍ਰਤੀ ਹਾਂ-ਵਾਦੀ ਅਤੇ ਆਸ਼ਾਵਾਦੀ ਹੈ ਪਰ ਜਿੱਤ ਇਥੇ ਵੀ ਆਰਥਿਕਤਾ ਦੀ ਹੀ ਹੁੰਦੀ ਹੈ ਆਦਰਸ਼ਵਾਦ ਫਿੱਕਾ



ਪੈਂਦਾ ਜਾਪਦਾ ਹੈ। ਅਜੋਕੀ ਜੀਵਨ ਸ਼ੈਲੀ ਨੂੰ ਪੈਸਾਵਾਦੀ ਕਦਰਾਂ ਕੀਮਤਾਂ ਨੇ ਇੰਨਾ ਜ਼ਿਆਦਾ ਛੂਹਿਆ ਹੋਇਆ ਹੈ ਕਿ ਆਦਰਸ਼ਵਾਦ ਅਜੋਕੇ ਵਿਅਕਤੀ ਲਈ ਕੋਈ ਮਾਅਨੇ ਨਹੀਂ ਰੱਖਦਾ। ਪੈਸਾਵਾਦੀ ਕਦਰਾਂ ਕੀਮਤਾਂ ਅੱਛੀਆਂ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕਰ ਰਹੀਆਂ ਜਿਥੇ ਨਾਲਾਇਕੀ, ਲਾਇਕੀ ਉਤੇ ਭਾਰੂ ਹੋ ਰਹੀ ਹੈ। ਪਾਖੰਡੀ ਬਾਬੇ, ਧੋਖੇਬਾਜ ਏਜੰਟ ਅਤੇ ਲਾਲਚੀ ਮਾਪੇ ਅਤੇ ਰਿਸ਼ਤੇਦਾਰ ਆਪਣੇ ਸਵਾਰਥਾਂ ਲਈ ਰਿਸ਼ਤਿਆਂ ਅਤੇ ਸਮਾਜ ਨੂੰ ਤਾਰ-ਤਾਰ ਕਰ ਰਹੇ ਹਨ।

ਇਹ ਨਾਟਕ ਜਿਥੇ ਵਿਸ਼ੇ ਦੇ ਰੂਪ ਵਿੱਚ ਸਾਡੇ ਸਮਾਜ ਦੇ ਇੱਕ ਭਖਦੇ ਮਸਲੇ ਨੂੰ ਪੇਸ਼ ਕਰਦਾ ਹੈ ਉਥੇ ਨਾਟਕਕਾਰ ਨੇ ਨਾਟਕੀ ਤਕਨੀਕ ਦਾ ਪੱਲਾ ਵੀ ਹੱਥੋਂ ਨਹੀਂ ਖਿਸਕਣ ਦਿੱਤਾ। ਸਾਰਾ ਹੀ ਨਾਟਕ ਸੁਰਜੀਤ ਅਤੇ ਕਮਲੇਸ਼ ਦੇ ਘਰ ਵਿੱਚ ਵਾਪਰਦਾ ਹੈ ਜਿਸ ਕਰਕੇ ਸਥਾਨ ਦੀ ਏਕਤਾ ਬਣੀ ਰਹਿੰਦੀ ਹੈ। ਨਾਟਕ ਵਿੱਚ ਕੋਈ ਵੀ ਅਜਿਹੀ ਪੇਸ਼ਕਾਰੀ ਨਹੀਂ ਜਿਸ ਨੂੰ ਸਟੇਜ 'ਤੇ ਪੇਸ਼ ਕੀਤਾ ਨਾ ਸਕਦਾ ਹੋਵੇ ਇਹੀ ਸਟੇਜ ਨਾਲ ਜੁੜੇ ਹੰਢੇ ਹੋਏ ਨਾਟਕਕਾਰ ਦੀ ਖੂਬੀ ਹੁੰਦੀ ਹੈ ਕਿ ਨਾਟਕ ਲਿਖਿਆ ਹੀ ਮੰਚੀਕਰਨ ਦੀਆਂ ਲੋੜਾਂ ਨੂੰ ਸਾਹਮਣੇ ਰੱਖਕੇ ਨਾਟਕਕਾਰ ਨੇ ਮੁੱਖ ਵਿਸ਼ੇ ਦੇ ਨਾਲ ਗੌਣ ਵਿਸ਼ੇ ਵੀ ਨਾਟਕ ਦੀ ਮੁੱਖ ਵਿੱਚ ਜੋੜਕੇ ਨਾਟਕ ਨੂੰ ਬਹੁ-ਪਾਸਾਰੀ ਬਣਾ ਦਿੱਤਾ ਹੈ। ਦ੍ਰਿਸ਼ ਗਿਆਰਾਂ ਵਿੱਚ ਇਕ ਦ੍ਰਿਸ਼ ਵੱਖਰੀ ਪਰ ਨਾਟਕ ਦੀ ਕਥਾ ਨੂੰ ਬਿਆਨ ਕਰਦਾ ਇਸ ਪ੍ਰਸੰਗ ਵਿੱਚ ਵੇਖਿਆ ਜਾ ਸਕਦਾ ਹੈ।

ਅਜੋਕੇ ਦੌਰ ਵਿੱਚ ਹਰੇਕ ਪਰਿਵਾਰ ਵਿੱਚ ਵਿਦੇਸ਼ ਜਾਣ ਜਾਂ ਆਪਣੇ ਬੱਚੇ ਭੇਜਣ ਦੀ ਦੌੜ ਲੱਗੀ ਹੋਈ ਹੈ ਪਰ ਨਾਟਕ ਵਿੱਚ ਸਾਰਾ ਭਾਂਡਾ ਕਮਲੇਸ਼ ਦੇ ਸਿਰ ਭੰਨਣ ਵਾਲੀ ਬਿਰਤੀ ਮੱਧਕਾਲੀ ਰਚਨਾਵਾਂ ਨਾਲ ਜਾ ਜੁੜਦਾ ਹੈ ਭਾਵੇਂ ਕਿ ਪ੍ਰਕਾਸ਼ ਜੋ ਕਮਲੇਸ਼ ਦਾ ਭਰਾ ਹੈ ਉਹ ਵੀ ਇਸ ਤਰ੍ਹਾਂ ਦੀ ਭੂਮਿਕਾ ਨਿਭਾਉਂਦਾ ਹੈ ਪਰ ਨਾਟਕ ਦੀ ਮਾਨਸਿਕਤਾ ਵਿੱਚ ਅਲੱਗ ਖਲਨਾਇਕਾ ਕਮਲੇਸ਼ ਹੀ ਹੈ। ਨਾਟਕ ਵਿਚਲੀ ਪਾਤਰ ਰਮਣੀਤ ਦੀ ਕਰਮਜੀਤ ਨਾਲ ਮੁਹੱਬਤ, ਫਿਰ ਮੇਜਰ ਨਾਲ ਵਿਆਹ ਅਤੇ ਮੇਜਰ ਦੀ ਮੌਤ ਤੋਂ ਬਾਅਦ ਫਿਰ ਕਰਮਜੀਤ ਨਾਲ ਸੰਬੰਧ ਜੁੜਨਾ ਜਿਥੇ ਮੌਕਾ ਮੇਲ ਦੀ ਜੁਗਤ ਤਹਿਤ ਪੇਸ਼ ਹੋਇਆ ਹੈ, ਉਥੇ ਹਕੀਕੀ ਰੂਪ ਵਿੱਚ ਅਜਿਹਾ ਹੋਣਾ ਵੀ ਪ੍ਰਸ਼ਨ ਖੜ੍ਹਾ ਕਰਦਾ ਹੈ।

ਸਮੁੱਚੇ ਰੂਪ ਵਿੱਚ ਨਾਟਕ ਪ੍ਰਭਾਵਸ਼ਾਲੀ ਹੈ। ਪਾਤਰ ਯਥਾਰਥਕ ਹਨ। ਵਾਰਤਾਲਾਪਾਂ ਵਿੱਚ ਰੌਚਕਤਾ ਅਤੇ ਤੇਜ਼ੀ ਹੈ ਨਾਟਕਕਾਰ ਦਾ ਉਦੇਸ਼ ਸਪੱਸ਼ਟ ਹੈ ਕਿ ਉਹ ਸਮਾਜ ਨੂੰ ਸੁਹਣੇ ਰੂਪ ਵਿੱਚ ਦੇਖਣਾ ਚਾਹੁੰਦਾ ਹੈ ਜੋ ਇਕ ਚੰਗੇ ਸਾਹਿਤਕਾਰ ਦਾ ਫ਼ਰਜ਼ ਹੁੰਦਾ ਹੈ।

**ਡਾ. ਸਰਦੂਲ ਸਿੰਘ ਔਜਲਾ**
**ਮੁਖੀ ਪੋਸਟ ਗਰੈਜੂਏਟ ਪੰਜਾਬੀ ਵਿਭਾਗ**
**ਡਿਪਸ ਕਾਲਜ ਢਿਲਵਾਂ**
**ਜ਼ਿਲ੍ਹਾ ਕਪੂਰਥਲਾ** 144804
ਮੋ. 98141-68611

◆◆◆